ਰੇਡੀਓ ਲੜੀਵਾਰ – ਟਿਕਾਊ ਵਿਕਾਸ – ਚਲਦੀ ਰਹੇ ਇਹ ਜ਼ਿੰਦਗੀ

ਕੜੀ–39, ਮਹਾਂਸਾਗਰਾਂ ਦੀ ਬਹੁ ਰੰਗੀ ਪਰਿਆਵਰਣੀ ਪ੍ਰਣਾਲੀ ਤੇ ਚੁਣੌਤੀਆਂ

**(Major Marine Eco-system of the world and challenges)**

ਲੇਖਣ ਤੇ ਖੋਜ-ਮਹੀਰਾ ਕਾਕਾਜੀਵਾਲਾ

ਲੜੀਵਾਰ ਸੰਯੋਜਕ : ਡਾ. ਬੀ ਕੇ ਤਿਆਗੀ

ਪੰਜਾਬੀ ਰੁਪਾਂਤਰਣ ਤੇ ਸੋਧ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ

(The episode deals with the ecosystem of the oceans. An effort has been made to depict different kinds of the ecosystems of the oceans, their structure, diversity along with the splendour of the sea. In this episode even the dangers faced by the oceans and the biotic life therein along with the challenged before them has been discussed. )

(ਇਸ ਕੜੀ ਵਿਚ ਸਮੁੰਦਰਾਂ ਦੀ ਪਰਿਆਵਰਣੀ ਪ੍ਰਣਾਲੀ (ਈਕੋਸਿਸਟਮ) ਮਤਲਬ ਪ੍ਰਸਥਿਤਿਕ ਤੰਤਰ 'ਤੇ ਗੱਲ ਕੀਤੀ ਗਈ ਹੈ। ਮਹਾਂਸਾਗਰਾਂ ਦੇ ਭਿੰਨ-ਭਿੰਨ ਪ੍ਰਸਥਿਤਿਕ ਤੰਤਰ (ਇਕੋਸਿਸਟਮ), ਉਨ੍ਹਾਂ ਦੀ ਬਣਾਵਟ ਅਤੇ ਵੰਨ-ਸੁਵੰਨਤਾਵਾਂ ਦੇ ਨਾਲ ਸਮੁੰਦਰ ਦੇ ਰੋਮਾਂਚ ਨੂੰ ਦਰਜ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਕੜੀ ਵਿਚ ਸਮੁੰਦਰ ਅਤੇ ਸਮੁੰਦਰੀ ਜੀਵਾਂ ਦੀ ਹੋਂਦ ਨੂੰ ਲੈ ਕੇ ਦਰਪੇਸ਼ ਖ਼ਤਰਿਆਂ ਤੇ ਚਣੌਤੀਆਂ ਨੂੰ ਵੀ ਉਜਾਗਰ ਕੀਤਾ ਗਿਆ ਹੈ।

ਪਾਤਰ

1. ਇਸਤਰੀ ਸੂਤਰਧਾਰ
2. ਪੁਰਸ਼ ਸੂਤਰਧਾਰ
3. ਮਹਾਂਸਾਗਰ (ਪੁਰਸ਼ ਸੁਰ)
4. ਪਲਾਸਟਿਕ ਲਿਫ਼ਾਫਾ – ਯੁਵਕ ਸੁਰ
5. ਆਕਟੋਪਸ (ਪੁਰਸ਼ ਸੁਰ)
6. ਵੇਲ੍ਹ (ਮਹਿਲਾ ਸੁਰ)
7. ਮੂੰਗਾ (ਬੱਚੇ ਦੀ ਆਵਾਜ਼)

ਲੜੀਵਾਰ ਦੇ ਸੰਗੀਤ ਦੀ ਧੁਨ.................................ਮੱਧਮ ਪੈ ਕੇ ਅਲੋਪ ਹੋ ਜਾਂਦੀ ਹੈ

<u>ਸੁਰੂਆਤੀ ਐਲਾਨ</u>

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣ ਰਿਹਾ ਹੈ )

ਟਿਕਾਊ ਵਿਕਾਸ – ਚਲਦੀ ਰਹੇ ਇਹ ਜ਼ਿੰਦਗੀ......

(ਸੰਗੀਤ...)

**ਐਲਾਨ:** ਇਹ ਆਲ ਇੰਡੀਆ ਰੇਡਿਓ ਹੈ। ਵਿਗਿਆਨ ਲੜੀਵਾਰ "ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ" ਦੀਆਂ ਅਠੱਤੀ ਕੜੀਆਂ ਰਾਹੀਂ ਅਸੀਂ ਕੀਤੀ ਹੈ ਗੱਲ ਸਾਡੇ ਕੁਦਰਤ ਵਿਰੋਧੀ ਖਪਤਵਾਦ ਨਾਲ ਲੱਦੇ ਵਿਕਾਸ ਮਾਡਲ ਦੀ ਜਿਸਨੇ ਬਦਲ ਦਿੱਤੀ ਹੈ ਸਾਡੀ ਤਰਜੇ ਜਿੰਦਗੀ ! ਬਣਾ ਦਿੱਤਾ ਹੈ ਸਾਨੂੰ ਖਪਤਵਾਦ ਦਾ ਗੁਲਾਮ ! ਗੱਲ ਕੀਤੀ ਹੈ ਇਸ ਖਪਤਵਾਦ ਦੇ ਕਾਰਨ , ਨਿੱਕਲ ਰਹੇ ਸਿੱਟਿਆਂ ਦੀ, ਖਤਰਿਆਂ ਦੀ, ਜੋ ਦਰਪੇਸ਼ ਨੇ ਸਾਡੇ ਇਸ ਧਰਤ ਗ੍ਰਹਿ ਨੂੰ ਅਤੇ ਮਨੁਖਤਾ ਨੂੰ ! ਅੱਜ ਦੀ ਕੜੀ ਵਿੱਚ ਹੈ ਪੇਸ਼ਕਾਰੀ "ਟਿਕਾਊ ਵਿਕਾਸ" ਦੇ ਇੱਕ ਹੋਰ ਪਹਿਲੂ ਨੂੰ ਲੈਕੇ ! ਕਹਾਣੀ ਹੈ ਅੱਜ ਸਾਡੇ ਸਾਗਰਾਂ ਦੀ ਪਰਿਆਵਰਣੀ ਪ੍ਰਣਾਲੀ ਦੀ , ਇਸਦੀ ਵੰਨ -ਸੁਵੰਨਤਾ ਦੀ, ਸਾਗਰਾਂ ਨੂੰ ਤੇ ਸਾਗਰਾਂ ਵਿਚਲੇ ਜੈਵ ਸੰਸਾਰ ਨੂੰ ਦਰਪੇਸ਼ ਖਤਰਿਆਂ ਤੇ ਚੁਣੌਤੀਆਂ ਦੀ !

**ਸੰਗੀਤ (ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)**

**ਔਰਤ ਸੂਤਰਧਾਰ:** ਵਿਗਿਆਨ ਲੜੀਵਾਰ "ਚਲਦੀ ਰਹੇ ਇਹ ਜਿੰਦਗੀ" ਦੀ 39ਵੀਂ ਕੜੀ ਵਿੱਚ ਸੁਆਗਤ ਹੈ ਸਾਰੇ ਸ੍ਰੋਤਿਆਂ ਦਾ! ਸੱਭ ਨੂੰ ਸ਼ੁੱਭ ਸਵੇਰ !

**ਮਰਦ ਸੂਤਰਧਾਰ:**ਪਿਛਲੀ ਕੜੀ ਵਿੱਚ ਸੁਣਿਆ ਸੀ ਤੁਸੀਂ ਬ੍ਰਿਤਾਂਤ ਕੁਦਰਤੀ ਆਫਤਾਂ ਅਤੇ ਸੁਰੱਖਿਅਣ ਅਮਲਾਂ ਦੀ ਲੋੜ ਦਾ !

**ਔਰਤ ਸੂਤਰਧਾਰ:** ਸਣਾਈ ਸੀ ਕਹਾਣੀ ਕਿ ਕਿਵੇਂ ਸਾਡੀ ਪ੍ਰਕਿਰਤੀ ਦੇ ਸੰਤੁਲਨ ਦੇ ਨਸ਼ਟ ਹੋਣ ਨਾਲ ਆ ਰਹੀਆਂ ਨੇ ਕੁਦਰਤੀ ਆਫਤਾਂ !

**ਮਰਦ ਸੂਤਰਧਾਰ:** ਸੁਣਿਆ ਸੀ ਕਿ ਕਿਵੇਂ ਹੁੰਦਾ ਹੈ ਪ੍ਰਗਟ ਕੁਦਰਤ ਦਾ ਰੌਦਰ ਰੂਪ !

**ਔਰਤ ਸੂਤਰਧਾਰ:** ਸੁਣਾਈ ਸੀ ਕਹਾਣੀ ਉਤਰਕਾਸ਼ੀ ਦੇ ਭਿਆਨਕ ਹੜ੍ਹਾਂ ਨਾਲ ਹੋਈ ਤਬਾਹੀ ਦੀ !

**ਮਰਦ ਸੂਤਰਧਾਰ:** ਕਹਾਣੀ ਕੇਦਾਰ ਘਾਟੀ ਬਦਰੀਨਾਥ ਤੇ ਗੰਗੋਤਰੀ ਘਟੀ ਵਿਚ ਹੋਈਆਂ 5000 ਤੋਂ ਵੱਧ ਮੌਤਾਂ ਦੀ !

**ਔਰਤ ਸੂਤਰਧਾਰ:** ਬੇਤਰਤੀਬੇ ਬਿਨਾ ਵਿਉਂਤ ਦੇ , ਨਿਯਮਾਂ ਦੀ ਅਣਦੇਖੀ ਕਰਕੇ ਹੋਏ ਨਿਰਮਾਨ ਕਾਰਨ ਆਏ ਹੜ੍ਹ ਸਨ ਕੁਦਰਤ ਦਾ ਰੌਦਰ ਰੂਪ !

**ਮਰਦ ਸੂਤਰਧਾਰ:** ਦੱਸਿਆ ਸੀ ਕਿ ਬਣਿਆ ਹੈ ਢਾਂਚਾ ਆਫਤ ਪ੍ਰਬੰਧਨ ਦਾ, ਇਨ੍ਹਾਂ ਆਫਤਾਂ ਦਾ ਸਾਹਮਣਾ ਕਰਨ ਵਾਸਤੇ ਤੇ ਰਾਹਤ ਕਾਰਜਾਂ ਵਾਸਤੇ ਉਪਰ ਤੋਂ ਹੇਠਾਂ ਤੱਕ !

**ਔਰਤ ਸੂਤਰਧਾਰ:** ਸੁਣੀ ਸੀ ਕਹਾਣੀ ਕਿ ਸਥਾਨਕ ਲੋਕਾਂ ਦੀ ਜਾਣਕਾਰੀ ਤੇ ਸਰਗਰਮ ਸ਼ਮੂਲੀਅਤ ਕਿਵੇਂ ਹੈ ਜਰੂਰੀ ਹੈ ਇਨ੍ਹਾਂ ਦੇ ਟਾਕਰੇ ਦੇ ਲਈ !

**ਮਰਦ ਸੂਤਰਧਾਰ:**ਹੋਈ ਸੀ ਗੱਲ! ਪੰਜਾਬ ਦੇ ਦਰਿਆਵਾਂ ਵਿੱਚ ਆਉਂਦੇ ਹੜ੍ਹਾਂ ਦੀ ਤੇ ਸਰਕਾਰ ਵੱਲੋਂ ਇਨ੍ਹਾਂ ਦੀ ਰੋਕਥਾਮ ਵਾਸਤੇ ਕੀਤੇ ਜਾਂਦੇ ਯਤਨਾਂ ਦੀ !

**ਔਰਤ ਸੂਤਰਧਾਰ:** ਪਤਾ ਚੱਲਿਆ ਸੀ ਕਿ ਪੰਜਾਬ ਸਰਕਾਰ ਨੇ ਵੀ ਰੱਖੇ ਨੇ 1058 ਕਰੋੜ ਰੁਪਏ ਹੜ੍ਹਾਂ ਦੀ ਰੋਕ ਥਾਮ ਵਾਸਤੇ ਅਤੇ ਕੁਦਰਤੀ ਆਫਤਾਂ ਦੌਰਾਨ ਰਾਹਤ ਕਾਰਜਾਂ ਦੇ ਵਾਸਤੇ ਸਾਲ 2017-18 ਦੇ ਬਜਟ ਵਿੱਚ !

**ਮਰਦ ਸੂਤਰਧਾਰ:** ਚਰਚਾ ਵਿੱਚੋਂ ਨਿੱਕਲ ਕੇ ਸਾਹਮਣੇ ਆਇਆ ਸੀ ਸੱਚ ਕਿ ਵਰਖਾ ਦੇ ਪਾਣੀ ਨੂੰ ਰੋਕ ਕੇ ਰੱਖਣ ਵਾਲੇ ਟੋਭਿਆਂ ਦੇ ਪੂਰੇ ਜਾਣ ਕਰਕੇ ਇੱਕ ਪਾਸੇ ਆਉਂਦੇ ਨੇ ਹੜ੍ਹ ਤੇ ਦੂਜੇ ਪਾਸੇ ਧਰਤੀ ਹੇਠਲਾ ਪਾਣੀ ਰਿਹਾ ਹੈ ਘਟ !

**ਔਰਤ ਸੂਤਰਧਾਰ:** ਹਾਂ ਇਸੇ ਕਰਕੇ ਤਾਂ ਵਿਗੜ ਗਈ ਹੈ ਪਿੰਡਾਂ ਦੀ ਪਰਿਆਵਰਣੀ ਪ੍ਰਣਾਲੀ ਵੀ !

**ਮਰਦ ਸੂਤਰਧਾਰ:** ਅੱਜ ਦੀ ਇਸ ਉਨਤਾਲੀਵੀਂ ਕੜੀ ਵਿੱਚ ਪੇਸ਼ ਕੀਤੀ ਜਾਵੇਗੀ ਕਹਾਣੀ ਸਾਡੇ ਸਾਗਰਾਂ ਦੀ, ਇਨ੍ਹਾਂ ਦੇ ਪ੍ਰਸਥਿਤਿਕ ਤੰਤਰ ਦੀ ਅਤੇ ਇਨ੍ਹਾਂ ਨੂੰ ਦਰਪੇਸ਼ ਖਤਰਿਆਂ ਦੀ !

**ਔਰਤ ਸੂਤਰਧਾਰ:** ਹਾਂ ਅੱਜ ਕਰਾਂਗੇ ਅਸੀਂ ਸੈਰ ਮਹਾਂਸਾਗਰਾਂ ਦੀ! ਕਿਉਂ ਲੱਗਿਆ ਹੈ ਮੰਡਰਾਉਣ ਖਤਰਾ ਸਮੁੰਦਰਾਂ ਦੀ ਗਹਿਰਾਈ ਵਿਚ ਵਸਦੀ ਬਹੁ ਰੰਗੀ ਦੁਨੀਆਂ ਨੂੰ ?....ਸੁਣੋ ਲਾ ਕੇ ਧਿਆਨ, ਬ੍ਰਿਤਾਂਤ ਇਹ, ਸਾਡੇ ਕਲਾਕਾਰਾਂ ਦੀ ਜ਼ੁਬਾਨੀ !

(ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੱਧਮ ਪੈਂਦਾ ਹੈ)

----------------**ਦ੍ਰਿਸ਼ ਪਰਿਵਰਤਨ ਸੰਗੀਤ**-----------------

**ਦ੍ਰਿਸ਼ ਪਹਿਲਾ**

**(ਹੜ੍ਹ ਵਿਚ ਉਫਨਦੀ ਹੋਈ ਨਦੀ ਦੀ ਗੂੰਜ ਸੁਣਾਈ ਦੇ ਰਹੀ ਹੈ।)**

**ਔਰਤ ਸੂਤਰਧਾਰ:** ਹਾਏ!.. ਇੰਨੇ ਜ਼ੋਰ ਨਾਲ ਇਥੇ ਸੁੱਟ ਦਿੱਤਾ ਗਿਆ ! ਡੁੱਬਿਆ ਨਹੀਂ ਫਿਰ ਵੀ ! ਹੈ ਨਾ ਅਚਰਜ ! ਤੱਟੀ ਧਾਰਾਵਾਂ ਨਾਲ ਵਹਿੰਦਾ ਪਲਾਸਟਿਕ ਦਾ ਇਹ ਲਿਫ਼ਾਫਾ ਪਹੁੰਚ ਗਿਆ ਖੁਲ੍ਹੇ ਸਮੁੰਦਰ ਤੱਕ ! ਹੋਸ਼ ਆਉਣ 'ਤੇ ਤਾਂ ਇਸ ਨੂੰ ਪਤਾ ਹੀ ਨਹੀਂ ਹੋਵੇਗਾ ਕਿ ਕਿੱਥੇ ਆ ਪਹੁੰਚਿਆ ਇਹ ? (ਸਮੁੰਦਰੀ ਲਹਿਰਾਂ ਤੇ ਪੰਛੀਆਂ ਦੀ ਆਵਾਜ਼) ਆਪਣੇ ਚਾਰੇ ਪਾਸੇ ਬਸ ਨੀਲਾ ਪਾਣੀ ਹੀ ਪਾਣੀ ਦਿਸੇਗਾ !ਕਿੰਨਾ ਹੈ ਭੈ-ਭੀਤ ਪਲਾਸਟਿਕ ਦਾ ਇਹ ਕੱਲ ਮੁਕੱਲਾ ਲਿਫ਼ਾਫਾ !

**ਪਲਾਸਟਿਕ:** ਬਚਾਓ... ਬਚਾਓ...ਮੇਰੀ ਮੱਦਦ ਕਰੋ....! ਆਖਿਰ ਕਿੱਥੇ ਹਾਂ ਮੈਂ ?

**ਮਰਦ ਸੂਤਰਧਾਰ:** ਆਖਿਰਕਾਰ, ਕਾਫੀ ਦੇਰ ਬਾਅਦ , ਸੁਣਦੀ ਹੈ ਇਕ ਆਵਾਜ਼ !

**ਮਹਾਂਸਾਗਰ:** (ਖ਼ਤਰਨਾਕ ਆਵਾਜ਼ ਵਿਚ) ਮੈਂ ਹਾਂ ਮਹਾਂਸਾਗਰ !

**ਪਲਾਸਟਿਕ:** (ਡਰੀ ਹੋਈ ਆਵਾਜ਼ ਵਿਚ): ਮਾਫ਼ ਕਰਨਾ... ਪਛਾਣਿਆ ਨਹੀਂ ! ਕੌਣ ਹੋ ਤੁਸੀਂ ?

**ਮਹਾਂਸਾਗਰ:**(ਕੁਰੱਖਤ ਆਵਾਜ਼ ਵਿਚ): ਮਜ਼ਾਕ ਕਰ ਰਿਹਾ ਏਂ ? ਮੈਂ ਮਹਾਂਸਾਗਰ ਹਾਂ ਮਹਾਂਸਾਗਰ...!

**ਔਰਤ ਸੂਤਰਧਾਰ:** ਮਹਾਂਸਾਗਰ ਦੀ ਤਾਕਤ ਨੂੰ ਭਲਾ ਕੌਣ ਨਹੀਂ ਜਾਣਦਾ ? ਸਾਰੀ ਦੁਨੀਆ ਨੂੰ ਮਹਾਂਸਾਗਰਾਂ ਕਰਕੇ ਹੀ ਤਾਂ ਮੀਂਹ ਮਿਲਦਾ ਹੈ... ਮਿਲਦੇ ਨੇ ਨਾ-ਨਾ ਪ੍ਰਕਾਰ ਦੇ ਪਦਾਰਥ! ਭਾਂਤ-ਭਾਂਤ ਦੇ ਜੀਵਾਂ ਨੂੰ ਰੈਣ-ਬਸੇਰਾ ਤੇ ਮਨੁੱਖਾਂ ਨੂੰ ਭੋਜਨ ਵੀ!

**ਪਲਾਸਟਿਕ:**(ਨਰਮ ਆਵਾਜ਼ ਵਿੱਚ): ਗੁੱਸੇ ਨਾ ਹੋਵੋ ! ਮੈਂ ਤਾਂ ਤੁਹਾਡੀ ਮਹਾਨਤਾ ਤੇ ਪਰਉਪਕਾਰ ਦੀਆਂ ਕਹਾਣੀਆਂ ਹੀ ਸੁਣੀਆਂ ਨੇ ! ਵੇਖਿਆ ਤਾਂ ਨਾ ਪਹਿਲਾਂ ਕਦੇ ਤੁਹਾਨੂੰ ਤੇ ਨਾ ਹੀ ਤੁਹਾਡੇ ਜੀਵ-ਜੰਤੂਆਂ ਨੂੰ !

**ਮਰਦ ਸੂਤਰਧਾਰ:** ਮਹਾਂਸਾਗਰ ਆਪਣੀ ਤਾਕਤ 'ਤੇ ਹੰਕਾਰ ਕਰ ਰਹੇ ਸਨ ! ਪਰ ਇਹ ਨਵਾਂ ਮਹਿਮਾਨ ਅਜੇ ਵੀ ਭੈ-ਭੀਤ ਹੈ !

**ਮਹਾਂਸਾਗਰ:** ਮੈਂ ਗੁੱਸੇ ਨਹੀਂ, ਤੁਹਾਡੀ ਅਗਿਆਨਤਾ 'ਤੇ ਹੈਰਾਨ ਹਾਂ, ਇਸ ਧਰਤ ਗ੍ਰਹਿ ਉੱਤੇ ਜ਼ਿੰਦਗੀ ਦਾ ਪਹਿਲਾ ਬੀਜ ਮੇਰੀਆਂ ਹੀ ਡੂੰਘਾਈਆਂ ਵਿਚ ਫੁੱਟਿਆ! ਭਾਂਤ-ਭਾਂਤ ਦੇ ਹਜ਼ਾਰਾਂ ਜੀਵਾਂ ਦਾ ਮੈਂ ਹਾਂ ਸਹਾਰਾ, ਸੂਖਮ ਤੋਂ ਸੂਖਮ ਤੇ ਵੱਡੇ ਤੋਂ ਵੱਡੇ ! ਦੁਨੀਆ ਦਾ ਸਭ ਤੋਂ ਵਿਸ਼ਾਲ ਕਾਇ ਜੀਵ, ਨੀਲੀ ਵੇਲ੍ਹ ਵਸਦੀ ਹੈ ਮੇਰੇ ਅੰਦਰ ਹੀ !

**ਔਰਤ ਸੂਤਰਧਾਰ:** ਨਵਾਂ ਮਹਿਮਾਨ ਹੈਰਾਨ ! ਦੇਖਦਾ ਹੈ ਆਪਣੇ ਆਲੇ-ਦੁਆਲੇ ! ਚਾਰੇ ਪਾਸੇ ਦਿਸਦਾ ਹੈ ਬਸ ਨੀਲਾ ਪਾਣੀ

ਹੀ ਪਾਣੀ !

(ਧੀਮੀਆਂ ਲਹਿਰਾਂ ਦਾ ਸ਼ੋਰ)

**ਪਲਾਸਟਿਕ:** ਹੈਂ ! ਮੈਨੂੰ ਤਾਂ ਕੋਈ ਜੀਵ ਦਿਸਦਾ ਨਹੀਂ... ਇਥੇ ਤਾਂ ਕੁਝ ਵੀ ਨਹੀਂ... ਸਿਵਾਏ ਪਾਣੀ ਦੇ !

**ਮਹਾਂਸਾਗਰ:** (ਗੁੱਸੇ ਨਾਲ): ਹੈਂ ! ਅਜੇ ਵੀ ਤੇਰੀ ਇਹ ਜੁਰਅਤ ?

**ਮਰਦ ਸੂਤਰਧਾਰ:** ਮਹਾਂਸਾਗਰ ! ਭਰਿਆ -ਪੀਤਾ ਗੁੱਸੇ ਨਾਲ ! ਹੋ ਗਿਆ ਉਸਨੂੰ ਜਲਦੀ ਹੀ ਅਹਿਸਾਸ ! ਕਰਾਏਗਾ ਜਦੋਂ ਉਹ ਇਸ ਮਹਿਮਾਨ ਨੂੰ ਸਾਗਰ ਦੀ ਸੈਰ , ਬਣੇਗੀ ਗੱਲ ਤਦ ਹੀ !

**ਮਹਾਂਸਾਗਰ:**ਚਲ ਹੁਣ ਤੂੰ ਡਰ ਨਾ! ਚਲਦੇ ਹਾਂ ਆਪਾਂ ਇਕ ਯਾਤਰਾ 'ਤੇ! ਤੈਨੂੰ ਕੁਝ ਨਹੀਂ ਹੋਵੇਗਾ।ਤੈਨੂੰ ਦਿਖਾਵਾਂਗਾ ਦੁਨੀਆ ਮਹਾਂਸਾਗਰ ਦੀ! ਤੇਰੀਆਂ ਅੱਖਾਂ ਟੱਡੀਆਂ ਰਹਿ ਜਾਣਗੀਆਂ! ਬੱਸ, ਆਪਣੇ ਕੰਨ, ਅੱਖ ਤੇ ਦਿਮਾਗ ਬੰਦ ਨਾ ਕਰ ਲਈਂ ਕਿਤੇ !

**ਔਰਤ ਸੂਤਰਧਾਰ:** ਮਹਾਂਸਾਗਰ ਨੇ ਯਾਤਰਾ ਦੀ ਸ਼ੁਰੂਆਤ ਸਮੁੰਦਰ ਦੀ ਤਲਛਟੀ ਤੋਂ ਕਰਨਾ ਤਹਿ ਕੀਤਾ ! ਜੀਵਣ ਉਥੋਂ ਦਾ ਹੋਰਨਾਂ ਸਭ ਤੋਂ ਅਲੱਗ ! ਜਿੰਨੀ ਵਾਰ ਵੀ ਸਮੁੰਦਰ ਦੀ ਤਲਛਟੀ ਵਿਚ ਜਾਓ ਹਰ ਵਾਰ ਇਕ ਨਵੀਂ ਝਲਕ ਜ਼ਿੰਦਗੀ ਦੀ ! ਦੋਵੇਂ ਖੋਜੀ ਮਤਲਬ ਮਹਾਂਸਾਗਰ ਅਤੇ ਪਲਾਸਟਿਕ ਦਾ ਲਿਫ਼ਾਫਾ.... ਉਤਰਨ ਲੱਗੇ, ਐਟਲਾਂਟਿਕ ਮਹਾਂਸਾਗਰ ਦੀ ਡੂੰਘਾਈ ਵਿਚ ! ਜਿੰਨਾ ਹੀ ਹੇਠਾਂ ਉਤਰਦੇ ਉਨਾਂ ਹੀ ਹਨੇਰਾ ਤੇ ਠੰਢ ਵੱਧ!

**(ਪਾਣੀ ਵਿਚ ਬੁਲਬੁਲੇ ਉੱਠਣ ਦੀ ਆਵਾਜ਼)**

**ਪਲਾਸਟਿਕ:** ਹਾਏ!.. ਇਥੇ ਤਾਂ ਬਹੁਤ ਠੰਢ ਹੈ ਤੇ ਹਨੇਰਾ ਵੀ ! ਇੱਥੇ ਭਲਾ ਕੋਈ ਕਿਉਂ ਰਹਿਣਾ ਚਾਹੇਗਾ ? ਜੇ ਕੋਈ ਰਹਿ ਵੀ ਰਿਹਾ ਹੋਵੇ ਤਾਂ ਉਸ ਨੂੰ ਦੇਖਾਂਗੇ ਕਿਵੇਂ ? ਲੱਗਦਾ ਐ, ਤੁਸੀਂ ਮੇਰੇ ਨਾਲ ਮਜ਼ਾਕ ਕਰ ਰਹੇ ਸੀ । ਚਲੋ ! ਵਾਪਸ ਚੱਲੋ !

**ਮਹਾਂਸਾਗਰ:** (ਕੜਕਵੀਂ ਅਵਾਜ 'ਚ) ਚੁੱਪ ! ਪਹਿਲਾਂ ਧਿਆਨ ਦੇਹ! ਤੈਨੂੰ ਆਖਿਆ ਸੀ ਅੱਖਾਂ ਖੁੱਲ੍ਹੀਆਂ ਰੱਖਣਾ ! ਧਿਆਨ ਨਾਲ ਦੇਖ ! ਦੱਸ ਕੀ ਦੇ ਰਿਹਾ ਹੈ ਦਿਖਾਈ ?

**ਮਰਦ ਸੂਤਰਧਾਰ:** ਮਹਾਂਸਾਗਰ ਦੀ ਐਨੀ ਗਹਿਰਾਈ, ਘੁੱਪ ਹਨੇਰਾ, ਠੰਢ, ਘੁਟਣ ਭਰਿਆ ਮਾਹੌਲ, ਜ਼ਿੰਦਗੀ ਦੀ ਕਲਪਨਾ ਵੀ ਮੁਸ਼ਕਲ ! ਪਰ ਹੈ ਇਥੇ ਵੀ ਵਾਸਾ ਜ਼ਿੰਦਗੀ ਦਾ ! ਜੀਵਨ, ਜਿਸ ਤੋਂ ਅਸੀਂ ਹਾਂ ਬਿਲਕੁਲ ਅਨਜਾਣ ! ਪਲਾਸਟਿਕ ਦੇ ਲਿਫ਼ਾਫੇ ਨੂੰ ਵੀ ਹੁਣ ਉਥੇ ਬਹੁਤ ਕੁਝ ਨਜ਼ਰ ਆਉਣ ਲੱਗਿਆ ! ਅਚਰਜ ਤੇ ਹੈਰਾਨੀਜਨਕ ਨਜ਼ਾਰਾ....। ਤਿੱਖੇ ਦੰਦਾਂ ਤੇ ਵੱਡੇ-ਵੱਡੇ ਮੂੰਹ ਵਾਲੀਆਂ ਮੱਛੀਆਂ, ਸਿਰ ਉੱਤੇ ਚਮਕਦੇ ਗੋਲਿਆਂ ਵਾਲੀਆਂ ਮੱਛੀਆਂ, ਲਾਲ ਝੀਂਗਾ ਮੱਛੀਆਂ ਤੇ ਹੋਰ ਬਹੁਤ ਕੁਝ ! ਹਰ ਪਾਸੇ ਚਮਕਦੇ, ਰੰਗ-ਬਰੰਗੇ, ਲਾਲ, ਹਰੇ, ਝਿਲਮਿਲਾਉਂਦੇ, ਸਮੁੰਦਰੀ ਜੀਵ ! ਅਦਭੁਤ ! ਜਿਵੇਂ-ਜਿਵੇਂ ਵਧੀ ਗਹਿਰਾਈ, ਵੱਧਦੀ ਗਈ ਘਬਰਾਹਟ ਤੇ ਡਰ ਵੀ ਨਵੇਂ ਮਹਿਮਾਨ ਪਲਾਸਟਿਕ ਲਿਫ਼ਾਫੇ ਦਾ !

**( ਸ਼.. ਸ਼.... ਸ਼...)**

**ਪਲਾਸਟਿਕ:** (ਘਬਰਾ ਕੇ ਉਚੀ ਆਵਾਜ ਵਿੱਚ) ਓ...। ਮੈਨੂੰ ਨਾ ਮਾਰੋ !

**ਮਹਾਂਸਾਗਰ:** ਸ਼ਾਂਤ ਰਹਿ... ਘਬਰਾ ਨਾ। ਮੈਂ ਵਚਨ ਦਿੱਤਾ ਹੈ... ਕੋਈ ਨੁਕਸਾਨ ਨਹੀਂ ਹੋਵੇਗਾ ਤੈਨੂੰ !

**ਔਰਤ ਸੂਤਰਧਾਰ:** ਇਕ ਵਿਸ਼ਾਲ ਆਕਟੋਪਸ ਆ ਪਹੁੰਚਿਆ ਉਨ੍ਹਾਂ ਦੇ ਸਾਹਮਣੇ ! ਪਲਾਸਟਿਕ ਦੇ ਉਸ ਨਿੱਕੇ ਜਿਹੇ ਲਿਫ਼ਾਫੇ ਨੇ ਤਾਂ ਕਦੇ ਨਹੀਂ ਸੀ ਵੇਖਿਆ ਐਨਾ ਵੱਡਾ ਜੀਵ ! ਆਕਟੋਪਸ ਦੀ ਇਕ ਅੱਖ! ਵੱਡੇ ਥਾਲ ਦੇ ਬਰਾਬਰ! ਆਕਟੋਪਸ ਵੀ ਹੈਰਾਨ ! ਉਸ ਡਰੇ ਹੋਏ ਮਹਿਮਾਨ ਨੂੰ ਵੇਖ ਕੇ !

**ਪਲਾਸਟਿਕ:** (ਬੁੜਬੜਾਉਂਦੇ ਹੋਏ) ਓਏ.... ਓਏ.... ਤੂੰ ਕੌਣ....? ਮੈਨੂੰ ਨਾ ਖਾਈਂ ! ਮਹਾਂਸਾਗਰ ਨੇ ਮੇਰੀ ਸੁਰੱਖਿਅਤਾ ਦਾ ਬਚਨ ਦਿੱਤਾ ਹੈ !

**ਆਕਟੋਪਸ:** ਐਵੇਂ ਨਾ ਘਬਰਾ! ਮੈਂ ਨਹੀਂ ਲੱਗਿਆ ਖਾਣ ਤੈਨੂੰ ! ਪਹਿਲਾਂ ਕਦੇ ਤੈਨੂੰ ਐਥੇ ਦੇਖਿਆ ਨਹੀਂ !

**ਪਲਾਸਟਿਕ:** ਦਰਅਸਲ, ਮੈਂ ਜਮੀਨ ਤੋਂ ਆਇਆ ਹਾਂ ! ਮਹਾਂਸਾਗਰ ਮੈਨੂੰ ਘੁੰਮਾਉਣ ਲਈ ਇੱਥੇ ਲਿਆਏ ਹਨ ।ਪਰ ਇਥੇ ਤਾਂ ਹੈ ਹਨੇਰ-ਘੁੱਪ! ਹਨੇਰੇ ਵਿੱਚ ਆਹ ਚਮਕਦੇ ਜੀਵਾਂ ਤੋਂ ਮੈਨੂੰ ਲੱਗ ਰਿਹਾ ਹੈ ਬਹੁਤ ਡਰ! ਪਰ ਤੁਸੀਂ? ਇੰਨੇ ਵੱਡੇ? ਕੀ ਖਾਂਦੇ ਹੋ?

**ਆਕਟੋਪਸ:** ਚਾਰੇ ਪਾਸੇ ਦਿਸਦੇ, ਸਾਰੇ ਹੀ ਜੀਵ ਨੇ ਮੇਰਾ ਖਾਜਾ ! ਤੇ ਮੇਰੀ ਇਸ ਵਿਸ਼ਾਲ ਕਾਇਆ ਦੇ ਵੀ ਨੇ ਖ਼ਾਸ ਕਾਰਨ !

**ਮਰਦ ਸੂਤਰਾਧਾਰ:** ਵਿਸ਼ਾਲ ਆਕਟੋਪਸ ਹੋਰ ਕੁਝ ਨਹੀਂ ਆਖ ਸਕਿਆ ਕਿਉਂ ਜੋ ਉਦੋਂ ਹੀ ਹਨ੍ਹੇਰੇ ਵਿਚ ਉਸ ਤੋਂ ਦੁੱਗਣੇ ਆਕਾਰ ਦਾ ਇਕ ਜੀਵ ਪ੍ਰਗਟ ਹੋਇਆ ਤੇ ਉਸ ਨੇ ਆਕਟੋਪਸ ਨੂੰ ਸ਼ਿਕੰਜੇ ਵਿਚ ਲੈ ਕੇ ਆਪਣਾ ਭੋਜਨ ਬਣਾ ਲਿਆ। ਵਾਪਰਿਆ ਸਭ ਕੁਝ ਐਨੀ ਤੇਜ਼ੀ ਨਾਲ ਕਿ ਮਹਿਮਾਨ ਪਲਾਸਟਿਕ ਦੇ ਉਸ ਭਿਆਨਕ ਜੀਵ ਨੂੰ ਚੰਗੀ ਤਰ੍ਹਾਂ ਦੇਖ ਵੀ ਨਾ ਸਕਿਆ ! ਗੁੰਮ ਹੋ ਗਿਆ ਉਹ ਪਲ ਵਿੱਚ ਹੀ ਮਹਾਂਸਾਗਰ ਦੇ ਹਨੇਰੇ ਵਿਚ !

**ਪਲਾਸਟਿਕ:** (ਘਬਰਾਏ ਸੁਰ ਵਿਚ): ਹਾਏ!... ਕੀ ਸੀ ਉਹ...? ਕਿਤੇ ਉਹ ਆਕਟੋਪਸ ਮੇਰੇ ਕਾਰਨ ਤਾਂ ਉਸਦਾ ਸ਼ਿਕਾਰ ਨਹੀਂ ਬਣ ਗਿਆ ?

**ਮਹਾਂਸਾਗਰ:** ਇਹ ਇਕ ਪ੍ਰਕਾਰ ਦੀ ਵੇਲ੍ਹ ਹੈ ! ਜ਼ਿਆਦਾਤਰ ਵਿਸ਼ਾਲ ਆਕਾਰ ਦੇ ਆਕਟੋਪਸ ਨੂੰ ਹੀ ਖਾਂਦੀ ਹੈ।ਤੇਰੇ ਕਾਰਨ ਨਹੀਂ ਬਣਿਆਉਹ, ਵੇਲ੍ਹ ਦਾ ਸ਼ਿਕਾਰ! ਇਥੋਂ ਦੀ ਤਾਂ ਜ਼ਿੰਦਗੀ ਹੀ ਇਹੀ ਹੈ। ਸੁਣਿਆ ਨਹੀਂ ? "ਵੱਡੀ ਮੱਛੀ ਛੋਟੀ ਮੱਛੀ ਨੂੰ ਖਾਂਦੀ ਹੈ"। ਫਿਕਰ ਨਾ ਕਰ ! ਅੱਗੇ ਚੱਲ !

**ਔਰਤ ਸੂਤਰਾਧਾਰ:** ਜਿਉਂ-ਜਿਉਂ ਵੱਧ ਰਹੀ ਸੀ ਸਮੁੰਦਰ ਦੀ ਗਹਿਰਾਈ, ਵੱਧ ਰਿਹਾ ਸੀ ਮਹਿਮਾਨ ਦਾ ਡਰ ਵੀ ਤੇ ਉਤਸ਼ਾਹ ਵੀ। ਚੀਰ ਕੇ ਹਨੇਰੇ ਨੂੰ , ਪਹੁੰਚੇ ਉਹ ਇਕ ਟਿੱਲੇ 'ਤੇ, ਅਜਬ ਸੀ ਨਜ਼ਾਰਾ ! ਸਰਦ ਸਮੁੰਦਰ ਵਿਚ ਬਣੇ ਟਿੱਲੇ ਦੇ ਸਿਖਰ 'ਤੇ ਬਣੀ ਲੰਮੀ ਜਿਹੀ ਚਿਮਨੀ ਵਿਚੋਂ ਨਿਕਲ ਰਿਹਾ ਸੀ ਕਾਲਾ ਧੂੰਆ ! ਚਿਮਨੀ ਦੇ ਦੁਆਲੇ, ਸਮੁੰਦਰੀ ਜੀਵਾਂ ਦਾ ਝੁੰਡ, ਭਾਂਤ-ਭਾਂਤ ਦੇ ਕੇਕੜੇ, ਮੱਛੀਆਂ, ਘੋਗੇ ਤੇ ਆਕਟੋਪਸ !

**ਪਲਾਸਟਿਕ:** (ਹੈਰਾਨੀ ਭਰੇ ਸੁਰ 'ਚ): ਅਸੀਂ ਕਿੱਥੇ ਆ ਗਏ ?

**ਮਹਾਂਸਾਗਰ:** ਇਹ ਹੈ ਇਕ ਹਾਈਡਰੋ ਥਰਮਲ ਵੈਂਟ (ਜਲ-ਤਾਪ ਚਿਮਨੀ) ।ਜਵਾਲਾਮੁਖੀ ਚਟਾਨਾਂ ਦੇ ਕਾਰਨ ਗਰਮ ਹੋਇਆ ਪਾਣੀ ਧਰਤੀ ਦੀਆਂ ਦਰਾਰਾਂ 'ਚੋਂ ਇੱਥੇ ਬਾਹਰ ਨਿਕਲ ਰਿਹਾ ਹੈ। ਅਜਿਹੀ ਜਗ੍ਹਾ ਜਿਸ ਬਾਬਤ ਬਹੁਤੇ ਲੋਕਾਂ ਨੇ ਨਾ ਸੁਣਿਆ ਤੇ ਨਾ ਦੇਖਿਆ ਹੈ। ਤੈਨੂੰ ਮੌਕਾ ਮਿਲ ਗਿਆ ! ਤੂੰ ਇਥੇ ਤੱਕ ਪਹੁੰਚ ਗਿਆ !

**ਪਲਾਸਟਿਕ:** (ਉਤਸ਼ਾਹ ਨਾਲ): ਇਹ ਤਾਂ ਉਬਲਦੇ ਪਾਣੀ ਜਿੰਨਾਂ ਗਰਮ ਲਗਦਾ ਹੈ !

**ਮਹਾਂਸਾਗਰ:** ਹਾਂ, ਉਬਲਦੇ ਹੋਏ ਪਾਣੀ ਤੋਂ ਵੀ ਜ਼ਿਆਦਾ ਗਰਮ , ਪਰ ਸਮੁੰਦਰ ਦੀ ਤਲਛਟੀ 'ਤੇ ਦਬਾਅ ਕਾਰਨ ਉਬਲਦਾ ਦਿਖ ਨਹੀਂ ਰਿਹਾ !

**ਪਲਾਸਟਿਕ:** ਪਰ, ਐਨੇ ਗਰਮ ਪਾਣੀ ਦੇ ਬਾਵਜੂਦ ਇਥੇ ਜੀਵਨ ਕਿਵੇਂ ਪਣਪਿਆ ਹੋਵੇਗਾ, ਭਲਾ?

**ਮਹਾਂਸਾਗਰ:** ਇਥੇ ਕਈ ਵਰਤਾਰੇ ਇੱਕਮੁਸ਼ਤ ਵਾਪਰ ਰਹੇ ਨੇ ! ਤਲਛਟੀ ਦੀਆਂ ਦਰਾਰਾਂ ਵਿਚੋਂ ਬਾਹਰ ਆਉਂਦਾ ਇਹ ਗਰਮ ਪਾਣੀ ਲੈ ਆਉਂਦਾ ਹੈ ਆਪਣੇ ਨਾਲ ਬਹੁਤ ਸਾਰੇ ਖਣਿਜ! ਕਰਦੇ ਨੇ ਉਹ ਬੈਕਟੀਰੀਆ ਦਾ ਵਾਧਾ ਬਣਦੇ ਨੇ ਭੋਜਨ ਜੋ ਦੂਸਰੇ

ਸੂਖਮ ਜੀਵਾਂ ਦਾ ! ਵਿਕਸਤ ਹੋ ਜਾਂਦੀ ਹੈ ਜੀਵਾਂ ਦੀ ਇਕ ਲੜੀ , ਵੇਖ ਰਿਹਾ ਹੈਂ ਜੋ , ਤੂੰ ਆਪਣੇ ਸਾਹਮਣੇ !

**ਪਲਾਸਟਿਕ:** (ਹਲਕੀ ਖਿਝ ਨਾਲ): ਪਰ ਤੁਸੀਂ ਇਹ ਤਾਂ ਦੱਸਿਆ ਹੀ ਨਹੀਂ ਕਿ ਐਨੇ ਗਰਮ ਪਾਣੀ ਵਿਚ ਉਹ ਜਿਉਂਦੇ ਕਿਵੇਂ ਰਹਿੰਦੇ ਨੇ ?

**ਮਹਾਂਸਾਗਰ:** ਹਾਂ...ਹਾਂ...।ਠੰਢ ਰੱਖ ! ਦੱਸ ਰਿਹਾ ਹਾਂ ਓਹ ਵੀ ! ਤੂੰ ਵੀ ਆਪਣੇ ਦਿਮਾਗ 'ਤੇ ਜ਼ੋਰ ਪਾ ! ਥੋੜ੍ਹਾ ਸੋਚ ! ਜਿਸ ਜਗ੍ਹਾ ਤੂੰ ਖੜ੍ਹਾ ਹੈ, ਉਥੇ ਪਾਣੀ ਕਿੰਨਾ ਠੰਢਾ ਹੈ !

**ਪਲਾਸਟਿਕ:** ਇਹ ਪਾਣੀ ਤਾਂ ਬਿਲਕੁਲ ਬਰਫੀਲਾ ਹੈ... ਬਹੁਤ ਹੀ ਠੰਢਾ !

**(ਠੰਢ ਵਿਚ ਦੰਦੋੜਕੇ ਦੀ ਆਵਾਜ਼)**

**ਮਹਾਂਸਾਗਰ:**(ਸ਼ਾਂਤ ਸੁਰ ਵਿਚ) ਠੀਕ ! ਇਸ ਠੰਢੇ-ਠਾਰ ਪਾਣੀ ਦੇ ਨਾਲ ਮਿਲਨ ਕਰਕੇ ਐਨਾ ਗਰਮ ਪਾਣੀ ਵੀ ਇੰਨ੍ਹਾਂ ਜੀਵਾਂ ਨੂੰ ਨੁਕਸਾਨ ਨਹੀਂ ਪਹੁੰਚਾ ਸਕਦਾ।ਜਿਵੇਂ ਚਿਮਨੀ ਦੇ ਐਨਾ ਨੇੜੇ ਹੋ ਕੇ ਵੀ ਤੁਸੀਂ ਠੰਢ ਨਾਲ ਕੰਬ ਰਹੇ ਹੋ ! ਸਮੁੰਦਰ ਦੀ ਤਲਛਟੀ ਦੇ ਬਾਕੀ ਹਨੇਰੇ ਤੇ ਠੰਢੇ ਇਲਾਕਿਆਂ ਵਿਚ ਹੋਰ ਵੀ ਕਈ ਪ੍ਰਸਿਥਿਤਿਕ ਤੰਤਰ (ਈਕੋਸਿਸਟਮ) ਮੌਜੂਦ ਨੇ ! ਸਾਡੇ ਕੋਲ ਉਨ੍ਹਾਂ ਸਾਰਿਆਂ ਨੂੰ ਦੇਖਣ ਦਾ ਸਮਾਂ ਨਹੀਂ ! ਹੁਣ ਅਸੀਂ ਉਨ੍ਹਾਂ ਠੰਢੇ ਇਲਾਕਿਆਂ ਵਿਚ ਚਲਦੇ ਹਾਂ ਜਿੱਥੇ ਐਨਾ ਘੁੱਪ ਹਨੇਰ ਨਹੀਂ !

**ਪਲਾਸਟਿਕ:** ਹਾਂ ! ਪਰ, ਉਸ ਵੇਲ੍ਹ ਦੇ ਖਿਆਲ ਨਾਲ ਮੈਨੂੰ ਅਜੇ ਵੀ ਕਾਂਬਾ ਛਿੜ ਰਿਹਾ ਹੈ !

**ਮਹਾਂਸਾਗਰ ਤੇ ਉਸਦਾ ਮਹਿਮਾਨ ਹੁਣ ਦੱਖਣੀ ਧਰੁਵ ਵੱਲ ਰਵਾਨਾ ਹੋ ਰਹੇ ਨੇ !**

**----------------ਦ੍ਰਿਸ਼ ਪਰਿਵਰਤਨ ਸੰਗੀਤ-----------------**

**ਦ੍ਰਿਸ਼ ਦੂਜਾ**

(ਮਹਾਂਸਾਗਰ ਤੇ ਉਸਦਾ ਮਹਿਮਾਨ ਪਹੁੰਚ ਗਏ ਨੇ ਹੁਣ ਦੱਖਣੀ ਧਰੁਵ ਤੇ !)

**ਮਰਦ ਸੂਤਰਧਾਰ:** ਦਖਣੀ ਮਹਾਂ ਸਾਗਰ ! ਅੰਟਾਰਕਟਿਕਾ ਨੂੰ ਘੇਰੇ ਹੋਏ! ਢੱਕਿਆ ਹੋਇਆ ਬਰਫ ਡੇ ਨਾਲ ! ਲਗਭਗ ਸਮੁੱਚਾ ਅੰਟਾਰਕਟਿਕਾ! ਕੋਈ ਨਹੀਂ ਮਨੁੱਖੀ ਬਸਤੀ ਚਾਰੇ ਪਾਸੇ ! ਹਰ ਪਾਸੇ ਮਹਾਂਸਾਗਰ ਦੀ ਹੈ ਇਕ ਅਲੱਗ ਹੀ ਕਹਾਣੀ !)

**(ਪਾਣੀ ਵਿਚ ਵੇਲ੍ਹ ਦੇ ਤੈਰਨ ਅਤੇ ਪਾਣੀ ਦੀ ਬੌਛਾੜ ਕਰਨ ਦੀ ਆਵਾਜ਼)**

**ਪਲਾਸਟਿਕ:** (ਚੌਂਕਦੇ ਹੋਏ) ਓਹੋ... ਇਹ ਪਾਣੀ ਦੀ ਬੋਛਾੜ ਕਿਵੇਂ ?

**ਮਹਾਂਸਾਗਰ:** (ਉਤਸ਼ਾਹਿਤ ਹੋ ਕੇ) ਹਾਂ..ਹਾਂ....!

**ਪਲਾਸਟਿਕ:** ਇਹ ਹੋ ਕੀ ਰਿਹਾ ਹੈ ?

**ਮਹਾਂਸਾਗਰ:** ਯਾਦ ਨਹੀਂ...? ਦੱਸਿਆ ਤਾਂ ਸੀ ਕਿ ਦੁਨੀਆ ਦੇ ਸਭ ਤੋਂ ਵਿਸ਼ਾਲ ਕਾਇ ਜੀਵ ਰਹਿੰਦੇ ਨੇ...! ਮੇਰੇ ਪਾਣੀ ਵਿਚ ਹੀ ! ਉਹੀ ਨੀਲੀ ਵੇਲ੍ਹ... ਕਰ ਰਹੀ ਹੈ ਪਾਣੀ ਦੀ ਬੌਛਾੜ । ਸਦੀਆਂ ਤੋਂ ਹੋ ਰਿਹਾ ਇਨ੍ਹਾਂ ਦਾ ਸ਼ਿਕਾਰ ! ਰਹਿ ਗਈਆਂ ਹੁਣ ਇਹ ਗਿਣੀਆਂ ਚੁਣੀਆਂ ਹੀ ! ਆਓ ! ਚੱਲੀਏ ਇਸ ਨੂੰ ਮਿਲਣ !

**ਪਲਾਸਟਿਕ:** ਹਾਂ...ਹਾਂ...! ਪਰ ਆਪਣਾ ਵਚਨ ਨਾ ਭੁੱਲਿਓ !

**ਮਹਾਂਸਾਗਰ:** ਹਾਂ ਯਾਦ ਹੈ ! ਚਿੰਤਾ ਨਾ ਕਰ !

**ਪਲਾਸਟਿਕ:** ਸਪਰਮ ਵੇਲ੍ਹ ਦੀ ਤਰ੍ਹਾਂ ਹੀ ਕੀ ਇਹ ਨੀਲੀ ਵੇਲ੍ਹ ਵੀ ਵੱਡੇ-ਵੱਡੇ ਆਕਟੋਪਸਾਂ ਨੂੰ ਖਾ ਜਾਂਦੀ ਹੈ ?

**ਮਹਾਂਸਾਗਰ:** ਚਲੋ ! ਉਸੇ ਤੋਂ ਪੁੱਛ ਲੈਂਦੇ ਹਾਂ !

**ਔਰਤ ਸੂਤਰਧਾਰ:**ਨੀਲੀ ਵੇਲ੍ਹ, ਦੁਨੀਆ ਦਾ ਸਭ ਤੋਂ ਵਿਸ਼ਾਲ ਜੀਵ! ਐਨੀ ਲੰਮੀ, ਸੌਂ ਜਾਣ 15-20 ਲੋਕ ਸਿੱਧੀ ਕਤਾਰ ਵਿੱਚ, ਇਸਦੇ ਸਰੀਰ ਦੇ ਉੱਪਰ! ਸੌ ਫੁੱਟ ਤੋਂ ਵੀ ਜ਼ਿਆਦਾ ਲੰਮੀ ! ਕਿਸੇ ਵੀ ਜੀਵ ਨੂੰ ਡਰਾਉਣਾ, ਇਸਦੇ ਲਈ ਕਿੰਨਾ ਅਸਾਨ ! ਪਰ ਖਾਂਦੀ ਹੈ , ਛੋਟੇ-ਛੋਟੇ ਸਮੁੰਦਰੀ ਜੀਵਾਂ ਨੂੰ ਹੀ ! ਕੀਤੀ ਹਿੰਮਤ ਸਾਡੇ ਨਨ੍ਹੇ ਮਹਿਮਾਨ ਨੇ! ਪੁੱਛਣ ਦੀ ਨੀਲੀ ਵੇਲ੍ਹ ਤੋਂ ਸਵਾਲ !

**ਪਲਾਸਟਿਕ:** (ਘਬਰਾਉਂਦੇ ਹੋਏ): ਮੈਡਮ! ਮਾਫ਼ ਕਰਨਾ ! ਕੀ ਤੁਸੀਂ ਦੱਸੋਗੇ ਕਿ ਤੁਸੀਂ ਖਾਂਦੇ ਕੀ ਹੋ ? ਮੇਰਾ ਖਿਆਲ ਹੈ ਕਿ ਤੁਸੀਂ ਤਾਂ ਵੱਡੇ-ਵੱਡੇ ਆਕਟੋਪਸਾਂ ਨੂੰ ਖਾਂਦੇ ਹੋਵੋਗੇ ! ਪਰ ਮਹਾਂਸਾਗਰ ਕੁੱਝ ਹੋਰ ਹੀ ਕਹਿੰਦਾ ਹੈ !

**ਵੇਲ੍ਹ:** (ਗੱਲਬਾਤ ਦੇ ਅੰਦਾਜ਼ ਵਿਚ) ਓਹ...! ਮਹਾਂਸਾਗਰ ਨੇ ਠੀਕ ਹੀ ਤਾਂ ਕਿਹਾ ਹੈ। ਦਰਅਸਲ ਮੇਰੇ ਭੋਜਨ ਨੂੰ ਤੁਸੀਂ ਦੇਖ ਨਹੀਂ ਸਕਦੇ। ਸਮੁੰਦਰ ਵਿਚ ਰਹਿਣ ਵਾਲੀਆਂ ਹਜ਼ਾਰਾਂ ਕ੍ਰਿਲਾਂ (ਲਾਲ ਰੰਗ ਦੀਆਂ ਛੋਟੀਆਂ-ਛੋਟੀਆਂ ਮੱਛੀਆਂ) ਮੇਰਾ ਭੋਜਨ ਨੇ ! ਮੈਂ ਇਕ ਦਿਨ ਵਿਚ ਚਾਰ ਕਰੋੜ ਕ੍ਰਿਲਾਂ ਖਾ ਜਾਂਦੀ ਹਾਂ। ਲਗਭਗ ਚਾਲੀ ਕੁਆਂਟਲ ਮੱਛੀਆਂ ਹਰ ਰੋਜ !

**ਪਲਾਸਟਿਕ:** ਹੈਂ! ਚਾਰ ਕਰੋੜ ?

**ਵੇਲ੍ਹ:** ਹਾਂ ! ਚਾਰ ਕਰੋੜ, ਵਜਨ ਜਿਨ੍ਹਾਂ ਦਾ ਚਾਰ ਹਜ਼ਾਰ ਕਿਲੋ, ਹਾਥੀ ਦੇ ਭਾਰ ਤੋਂ ਵੀ ਜ਼ਿਆਦਾ !

**ਪਲਾਸਟਿਕ:** ਹਾਏ!

**ਵੇਲ੍ਹ:** ਕ੍ਰਿਲ ਨੂੰ ਅੰਟਾਰਕਟਿਕ ਮਹਾਂਸਾਗਰ ਪਸੰਦ ਹੈ ! ਇਸ ਲਈ ਮੈਂ ਵੀ ਇਥੇ ਹੀ ਰਹਿੰਦੀ ਹਾਂ।ਬਹੁਤ ਸਾਰੇ ਪੋਸ਼ਕ ਤੱਤ ਡੂੰਘੇ ਸਮੁੰਦਰਾਂ ਤੋਂ ਉਪਰਲੀ ਸਤ੍ਹਾ ‘ਤੇ ਆ ਜਾਂਦੇ ਹਨ। ਕ੍ਰਿਲ ਇਨ੍ਹਾਂ ਨੂੰ ਖਾਣ ਦੇ ਲਈ ਇਥੇ ਆਉਂਦੇ ਹਨ ਤੇ ਮੈਂ ਕ੍ਰਿਲਾਂ ਨੂੰ ਖਾ ਜਾਂਦੀ ਹਾਂ ! ਮੈਂ ਵੀ ਇਸੇ ਭੋਜਨ ਲੜੀ ਦਾ ਹਿੱਸਾ ਹਾਂ। ਮੇਰੇ ਤੋਂ ਇਲਾਵਾ ਸੀਲ, ਪੈਂਗੂਇਨ, ਆਕਟੋਪਸ ਤੇ ਭਿੰਨ-ਭਿੰਨ ਪੰਛੀ ਤੇ ਵੀ ਇਨ੍ਹਾਂ ਕ੍ਰਿਲਾਂ ਦੀ ਖੋਜ ਵਿਚ ਏਧਰ ਘੁੰਮਦੇ ਰਹਿੰਦੇ ਹਨ !

**ਔਰਤ ਸੂਤਰਧਾਰ:** ਇਹ ਨੀਲੀ ਵੇਲ੍ਹ ਦੱਖਣੀ ਮਹਾਂਸਾਗਰ ਦੇ ਜੀਵ-ਜੰਤੂਆਂ ਦੇ ਬਾਰੇ ਦੱਸਣ ਦੇ ਲਈ ਬਹੁਤ ਉਤਸੁਕ ਲੱਗ ਰਹੀ ਹੈ। (ਲਹਿਰਾਂ ਦੀ ਆਵਾਜ਼) ਜਾਣਨ ਦੇ ਲਈ ਤਾਂ ਅਜੇ ਹੋਰ ਵੀ ਬਹੁਤ ਗੱਲਾਂ ਹਨ, ਪਰ ਹੁਣ ਸਾਡੇ ਇਨ੍ਹਾਂ ਦੋਸਤਾਂ ਦਾ ਇਥੋਂ ਬਾਹਰ ਨਿਕਲਣ ਦਾ ਸਮਾਂ ਹੋ ਚੱਲਿਆ ਹੈ !

(ਲਹਿਰਾਂ ਦਾ ਸ਼ੋਰ)

----------------**ਦ੍ਰਿਸ਼ ਪਰਿਵਰਤਨ ਸੰਗੀਤ**-----------------

**ਦ੍ਰਿਸ਼ ਤੀਜਾ**

(ਮਹਾਂਸਾਗਰ ਤੇ ਉਸਦਾ ਮਹਿਮਾਨ ਪਹੁੰਚ ਗਏ ਨੇ ਹੁਣ ਆਸਟਰੇਲੀਆ ਦੇ ਤੱਟੀ ਖੇਤਰ ਦੇ ਨੇੜੇ )

**ਮਹਾਂਸਾਗਰ:** ਇਹ ਆਸਟਰੇਲੀਆ ਦੇ ਤੱਟੀ ਖੇਤਰ ਦੇ ਨੇੜੇ-ਤੇੜੇ ਦਾ ਇਲਾਕਾ ਹੈ। ਇਸਦੇ ਉਪਰ ਵੱਲ ਹੈ ਏਸ਼ੀਆ ਦਾ ਪੂਰਬੀ ਤੱਟ ਤੇ ਨੀਚੇ ਨੂੰ ਹੈ ਦੱਖਣੀ ਅਮਰੀਕਾ ਦਾ ਪੱਛਮੀ ਤੱਟ ! ਇਥੇ ਪ੍ਰਸਿਥਿਤਿਕ ਤੰਤਰ (ਈਕੋਸਿਸਟਮ) ਹੈ ਬਹੁਤ ਹੀ ਅਦੁਭੁਤ !

**ਪਲਾਸਟਿਕ:** ਕੀ ? ਹੋਰ ਕੁੱਝ ਵੀ ਹੈ ਅਜੇ ?

**ਮਰਦ ਸੂਤਰਧਾਰ:** ਬੇਸਬਰੀ ਨੂੰ ਮਨ ਵਿਚ ਦਬਾਈ ਇਹ ਮਹਿਮਾਨ ਮਹਾਂਸਾਗਰ ਦੇ ਨਾਲ ਅੱਗੇ ਵਧ ਰਿਹਾ ਹੈ। ਆਸਟਰੇਲੀਆ ਦੇ ਤਟ ਦਾ ਚੱਕਰ ਲਗਾ ਕੇ ਉਹ ਪੂਰਬੀ ਏਸ਼ੀਆ ਦੇ ਤੱਟਾਂ 'ਤੇ ਚੜ੍ਹਨ ਹੀ ਲੱਗਦੇ ਹਨ ਕਿ ਪਲਾਸਟਿਕ-ਲਿਫ਼ਾਫੇ ਨੂੰ ਇਕ ਛੂਹ ਮਹਿਸੂਸ ਹੁੰਦੀ ਹੈ। ਉਹ ਚੌਂਕਿਆ ਤੇ ਜੋਰ - ਜੋਰ ਚੀਕਾਂ ਮਾਰਨ ਲੱਗਿਆ !

**ਪਲਾਸਟਿਕ:** (ਚੀਕਦੇ ਹੋਏ) ਕੀ ਹੈ ਇਹ...? ਛੱਡ ਦਿਓ ਮੈਨੂੰ....ਕੌਣ ਹੋ ਤੁਸੀਂ ?

**ਔਰਤ ਸੂਤਰਧਾਰ:** ਪਰ ਇਸਤੋਂ ਬੇਖ਼ਬਰ, ਮਹਾਂਸਾਗਰ ਤਾਂ ਉੱਤਰੀ ਪ੍ਰਸ਼ਾਂਤ ਮਹਾਂਸਾਗਰ ਵਿਚਲੇ ਗ੍ਰੇਟ ਪੈਸਿਫਿਕ ਗਾਰਬੇਜ ਪੈਚ ਨਾਮੀ ਕਚਰੇ ਦੇ ਢੇਰ ਨੂੰ ਦੇਖਣ ਵਿਚ ਰੁੱਝਿਆ ਹੋਇਆ ਸੀ! ਉਹ ਤਾਂ ਇਸ ਢੇਰ ਦੇ ਉਸਦੇ ਆਪਣੇ ਉਪਰ ਤੇ ਬਾਕੀ ਸਮੁੰਦਰੀ ਜਨ ਜੀਵਣ ਅਤੇ ਪ੍ਰਸਥਿਤਿਕ ਤੰਤਰ ਉਪਰ ਪੈਣ ਵਾਲੇ ਮਾੜੇ ਪ੍ਰਭਾਵਾਂ ਦੀ ਸੋਚ ਵਿੱਚ ਗੁੰਮ ਸੀ! ਅਚਾਨਕ ਚੀਕ ਕਾਰਨ ਮਹਾਂਸਾਗਰ ਦੀ ਨਿਗਾਹ ਇਕ ਵਿਸ਼ਾਲ ਸਮੁੰਦਰੀ ਕੱਛੂ 'ਤੇ ਪਈ, ਜਿਹੜਾ ਮਹਿਮਾਨ ਨੂੰ ਖਾਣ ਦੀ ਕੋਸ਼ਿਸ਼ ਕਰ ਰਿਹਾ ਸੀ !

**ਮਹਾਂਸਾਗਰ:** (ਧਮਕੀ ਭਰੇ ਸਵਰ ਵਿਚ) ਦੂਰ ਹੋ ਜਾ ਕੱਛੂਏ !

**ਕੱਛੂ:** (ਚੀਕਦੇ ਹੋਏ): ਕਿਉਂ, ਕੀ ਪ੍ਰੇਸ਼ਾਨੀ ਆ। ਮੈਂ ਇਸਨੂੰ ਖਾ ਹੀ ਤਾਂ ਰਿਹਾ ਹਾਂ। ਜਾਹ, ਤੂੰ ਆਪਣਾ ਕੰਮ ਕਰ ਜਾ ਕੇ !

**ਮਹਾਂਸਾਗਰ:** (ਸਖ਼ਤੀ ਨਾਲ) ਪਰ ਇਹ ਤੁਹਾਡਾ ਭੋਜਨ ਨਹੀਂ !

**ਕੱਛੂ:** (ਹੈਰਾਨੀ ਨਾਲ): ਕਿਉਂ.... ਮੈਂ ਤਾਂ ਅਜਿਹੇ ਹੀ ਜੀਵਾਂ ਦਾ ਸ਼ਿਕਾਰ ਕਰਦਾ ਹਾਂ !

**ਮਰਦ ਸੂਤਰਧਾਰ:** ਸੁਣ ਕੇ ਹੱਸ ਪਿਆ ਮਹਾਂਸਾਗਰ ! ਉਹ ਸਮਝ ਗਿਆ ਕਿ ਆਖਿਰ ਮਾਜਰਾ ਕੀ ਹੈ ?ਦਰਅਸਲ ਇਹ ਮਹਿਮਾਨ ਪਲਾਸਟਿਕ ਲਿਫ਼ਾਫਾ ਲੱਗ ਰਿਹਾ ਸੀ ਕੋਈ ਜੈਲੀਫਿਸ਼ ! ਇਸ ਸਮੁੰਦਰੀ ਕੱਛੂ ਦਾ ਮਨਪਸੰਦ ਭੋਜਨ !

**ਮਹਾਂਸਾਗਰ:** (ਸਖ਼ਤੀ ਨਾਲ): ਮੈਂ ਕਿਹਾ ਨਾ ਤੈਨੂੰ... ਦੂਰ ਰਹਿ...! ਇਹ ਮੇਰਾ ਤਾਂ ਹੈ ਦੋਸਤ ਪਰ ਇਸ ਨੂੰ ਖਾਣ ਨਾਲ ਤੈਨੂੰ ਹੋ ਸਕਦਾ ਹੈ ਬਹੁਤ ਨੁਕਸਾਨ !

**ਔਰਤ ਸੂਤਰਧਾਰ:** ਤੇ ਚਰਚਾ ਵਿੱਚ ਪੈ ਕੇ ਹੋ ਗਿਆ ਮਹਾਂਸਾਗਰ ਸਫਲ ! ਉਸ ਕੱਛੂ ਨੂੰ ਆਪਣੀ ਗੱਲ ਸਮਝਾਉਣ ਵਿਚ! ਕੱਛੂ ਨੇ ਮਹਿਮਾਨ ਨੂੰ ਦਿੱਤਾ ਛੱਡ ! ਪਰ ਹੋ ਗਿਆ ਨਰਾਜ, ਇਹ ਪਲਾਸਟਿਕ-ਲਿਫ਼ਾਫਾ! ਮਹਾਂਸਾਗਰ ਦੀਆਂ ਗੱਲਾਂ ਤੋਂ !

**ਪਲਾਸਟਿਕ:** (ਉਦਾਸ ਸੁਰ ਵਿਚ) ਤੁਸੀਂ ਮੈਨੂੰ ਕੱਛੂ ਦੇ ਸ਼ਿਕੰਜੇ ਵਿਚੋਂ ਬਚਾ ਲਿਆ, ਧੰਨਵਾਦ...! ਪਰ ਇਹ ਦੱਸੋ ਕਿ ਮੈਂ ਉਸਦਾ ਭਲਾ ਕੀ ਨੁਕਸਾਨ ਕਰ ਦਿੰਦਾ ?

**ਮਹਾਂਸਾਗਰ:** (ਮੁਸਕਰਾ ਕੇ ): ਵਾਹ ! ਲੈ ਸੁਣ ਦੋਸਤ ! ਜਿਹੜਾ ਵੀ ਜੀਵ ਬਣਾਏਗਾ ਤੈਨੂੰ ਆਪਣਾ ਭੋਜਨ, ਪੈ ਜਾਏਗਾ ਉਹ ਖ਼ਤਰੇ ਵਿਚ!ਗਲੇ ਵਿਚ ਅਟਕੇ ਪਲਾਸਟਿਕ ਨਾਲ ਸਾਹ ਘੁਟਣ ਕਰਕੇ ਉਸਦੀ ਜਾਨ ਵੀ ਜਾ ਸਕਦੀ ਹੈ ! ਚਲੋ ਤੁਹਾਡੀ ਚੀਕ ਨਾਲ ਸਾਰਿਆ ਦਾ ਬਚਾਅ ਹੋ ਗਿਆ! ਮੇਰਾ ਤਾਂ ਧਿਆਨ ਗ੍ਰੇਟ ਪੈਸਿਫਿਕ ਗਾਰਬੇਜ ਪੈਚ ਵੇਖਣ ਵੱਲ ਹੀ ਸੀ !

**ਪਲਾਸਟਿਕ:** ਕਿਹੜਾ ਗ੍ਰੇਟ ਪੈਸਿਫਿਕ ਗਾਰਬੇਜ ਪੈਚ ? ਮੈਨੂੰ ਤਾਂ ਕੁਝ ਵੀ ਦਿਖਾਈ ਨਹੀਂ ਦੇ ਰਿਹਾ !

**ਮਹਾਂਸਾਗਰ:** (ਉਦਾਸ ਸੁਰ ਵਿਚ) ਇਸ ਨੂੰ ਦੇਖਣਾ ਵੀ ਅਤਿ ਕਸ਼ਟਦਾਇਕ ਹੈ ! ਇਹ ਸਾਰਾ ਕੂੜਾ ਸਮੁੰਦਰ ਵਿਚ, ਹੌਲੀ-ਹੌਲੀ ਕਈ ਸਾਲਾਂ ਵਿਚ ਜਮ੍ਹਾਂ ਹੋਇਆ ਹੈ। ਵਕਤ ਨਾਲ ਇਸਦੇ ਬਣ ਗਏ ਛੋਟੇ-ਛੋਟੇ ਟੁਕੜੇ ! ਇਹ ਟੁਕੜੇ... ਖਾਸ ਤੌਰ 'ਤੇ ਪਲਾਸਟਿਕ ਦੇ ਟੁਕੜੇ... ਸਮੁੰਦਰੀ ਪੰਛੀਆਂ, ਕੱਛੂਆਂ ਤੇ ਦੂਸਰੇ ਜੀਵਾਂ ਦੇ ਢਿੱਡ ਵਿਚ ਜਾਂਦੇ ਰਹੇ । ਇਸ ਪਲਾਸਟਿਕ ਨੇ ਇਨ੍ਹਾਂ ਜੀਵਾਂ ਦੀ ਸਿਹਤ ਨੂੰ ਨੁਕਸਾਨ ਪਹੁੰਚਾਇਆ...! ਉਨ੍ਹਾਂ ਜੀਵਾਂ ਲਈ ਵੀ ਪ੍ਰੇਸ਼ਾਨੀ ਖੜ੍ਹੀ ਕਰ ਦਿੱਤੀ ਜਿਹੜੇ ਇਨ੍ਹਾਂ ਨੂੰ ਖਾਂਦੇ ਸਨ ! ਪੈ ਗਿਆ ਬੁਰਾ ਅਸਰ, ਸਮੁੱਚੀ ਭੋਜਨ ਲੜੀ 'ਤੇ ਹੀ !

**ਪਲਾਸਟਿਕ:** (ਦੁਖੀ ਸੁਰ ਵਿਚ) ਇਹ ਤਾਂ ਬਹੁਤ ਮਾੜਾ ਹੋਇਆ !

**ਮਹਾਂਸਾਗਰ:** ਮਾੜਾ ਵੀ ਤੇ ਸ਼ਰਮਨਾਕ ਵੀ ! ਜਿੰਨੇ ਵੀ ਈਕੋਸਿਸਟਮ ਅਸੀਂ ਵੇਖੇ ਹਨ ਹਰ ਜਗ੍ਹਾ ਕਾਫੀ ਪ੍ਰਦੂਸ਼ਣ ਫੈਲ ਚੁੱਕਿਆ ਹੈ। ਇਹ ਸਮੁੱਚਾ ਪ੍ਰਦੂਸ਼ਣ ਮਨੁੱਖਾਂ ਨੇ ਫੈਲਾਇਆ ਹੈ ! ਇਸ ਨੂੰ ਰੋਕਣ ਵਿਚ ਮੈਂ ਵੀ ਲਾਚਾਰ ਹਾਂ ਤੇ ਐਥੇ ਰਹਿਣ ਵਾਲੇ ਸਾਰੇ ਜੀਵ ਵੀ !

**ਪਲਾਸਟਿਕ:** ਕੀ ਤੁਸੀਂ ਮੈਨੂੰ ਸਮੁੰਦਰ ਵਿਚ ਫੈਲਿਆ ਹੋਇਆ ਕੂੜਾ ਦਿਖਾ ਸਕਦੇ ਹੋ ?

**ਮਰਦ ਸੂਤਰਧਾਰ:** ਅਤੇ ਇਸ ਉਪਰੰਤ ਸਮੁੰਦਰ ਨੇ ਆਪਣੇ ਮਹਿਮਾਨ ਦੇ ਨਾਲ ਪ੍ਰਸ਼ਾਂਤ ਮਹਾਂਸਾਗਰ ਵਿੱਚਦੀ ਹੁੰਦੇ ਹੋਏ ਚਾਲੇ ਪਾ ਦਿੱਤੇ ਕੈਲੀਫੋਰਨੀਆ ਦੇ ਉੱਤਰੀ ਤੱਟ ਵੱਲ ਨੂੰ ! ਗ੍ਰੇਟ ਪੈਸਿਫਿਕ ਗਾਰਬੇਜ ਪੈਚ ਤੋਂ ਲੰਘਦੇ ਹੋਏ ਉਨ੍ਹਾਂ ਨੇ ਵੇਖਿਆ ਸਮੁੰਦਰ ਦੀ ਸਤ੍ਹ 'ਤੇ ਫੈਲਿਆ ਬਹੁਤ ਸਾਰਾ ਪਲਾਸਟਿਕ ਅਤੇ ਕਚਰਾ। ਹਜ਼ਾਰਾਂ ਕਿਲੋਮੀਟਰ ਤੱਕ ਫੈਲੇ ਇਸ ਕਚਰੇ ਨੇ ਕਰ ਦਿੱਤਾ ਉਨ੍ਹਾਂ ਨੂੰ ਬਹੁਤ ਹੀ ਉਦਾਸ! ਪਰ ਵੱਧਦੇ ਗਏ ਉਹ ਅੱਗੇ ਖਾਮੋਸ਼ੀ ਨਾਲ ਇਕ ਖੌਫ਼ਨਾਕ ਮੰਜਰ ਨੂੰ ਦੇਖਦੇ ਹੋਏ! ਪਹੁੰਚ ਗਏ ਤੱਟ ਦੇ ਨੇੜੇ! ਪਾਣੀ ਉਥੇ ਬਹੁਤ ਹੱਦ ਤੱਕ ਸਾਫ! ਨਜ਼ਰ ਆਈਆਂ ਉਨ੍ਹਾਂ ਨੂੰ ਸਮੁੰਦਰ ਵਿਚ, ਕੁਝ ਵੱਡੀਆਂ-ਵੱਡੀਆਂ ਸੰਰਚਨਾਵਾਂ ! ਪਲਾਸਟਿਕ ਲਿਫ਼ਾਫੇ ਦੇ ਸਵਾਲ ਨੇ ਤੋੜਿਆ ਉਸ ਚੁੱਪ ਨੂੰ !

**ਪਲਾਸਟਿਕ:** ਕੀ ਤੁਸੀਂ ਮੈਨੂੰ ਇੱਥੇ ਹੀ ਲਿਆਉਣਾ ਚਾਹੁੰਦੇ ਸੀ ?

**ਔਰਤ ਸੂਤਰਧਾਰ:** ਲੰਘ ਰਹੇ ਸਨ ਉਹ ਦੋਵੇਂ, ਕੈਲਪ ਜੰਗਲ ਦੇ ਨੇੜਿਓਂ, ਬਣਿਆ ਹੈ ਜੋ ਮਹਾਂਸਾਗਰਾਂ ਦੇ ਅੰਦਰ ਉਗੇ ਵਿਸ਼ਾਲ ਪੇੜ-ਪੌਦਿਆਂ ਦੇ ਨਾਲ ! ਹੋਰ ਨੇੜੇ ਜਾਣ 'ਤੇ ਨਜ਼ਰ ਆਈਆਂ ਰੰਗ-ਬਰੰਗੀਆਂ ਮੱਛੀਆਂ ਤੇ ਪੱਤੀਆਂ ਕੁਤਰਦੇ ਅਨੋਖੇ ਘੋਗੇ ! ਕਰਦੀ ਸੀ ਪੇਸ਼ ਮਨਮੋਹਕ ਨਜ਼ਾਰਾ ਸਾਫ਼ ਪਾਣੀ ਨੂੰ ਪਾਰ ਕਰਕੇ ਗਹਿਰਾਈ ਵਿਚ ਉਤਰਦੀ ਹੋਈ ਰੋਸ਼ਨੀ !

**ਪਲਾਸਟਿਕ:** ( ਚੌਂਕਦੇ ਹੋਏ ) ਹਾਏ...!

**ਮਹਾਂਸਾਗਰ:** ਧਿਆਨ ਨਾਲ....! ਬੁਰੀ ਤਰ੍ਹਾਂ ਜ਼ਖਮੀ ਕਰ ਸਕਦੇ ਨੇ ਇਹ !

**ਪਲਾਸਟਿਕ:** ਔਹ...! ਔਹ ਕੀ ਹੈ...?

**ਮਹਾਂਸਾਗਰ:** ਇਹ ਹੈ ਸਮੁੰਦਰੀ ਸਾਹੀ ! ਕੰਡੇ ਇਸਦੇ ਬਿੰਨ੍ਹ ਸਕਦੇ ਨੇ ਤੈਨੂੰ ! ਕਰਦੇ ਨੇ ਇਹ ਇਸਦੀ ਉਸ ਸਮੇਂ ਸੁਰੱਖਿਆ ਜਦੋਂ ਉਹ ਖਾ ਰਹੀ ਹੁੰਦੀ ਹੈ ਲਮਕ ਕੇ, ਇਨ੍ਹਾਂ ਸਮੁੰਦਰੀ ਪੇੜ-ਪੌਦਿਆਂ ਨੂੰ !

**ਪਲਾਸਟਿਕ:** ਵਾਹ ! ਕਿਆ ਕਮਾਲ ਦੀ ਤਰਕੀਬ...!

**ਮਹਾਂਸਾਗਰ:** ਇੱਥੇ ਤਾਂ ਹਰ ਜੀਵ ਨੇ ਆਪਣੇ-ਆਪ ਨੂੰ ਬਚਾਉਣ ਦੇ ਲਈ ਤਰਕੀਬਾਂ ਸਿੱਖੀਆਂ ਹੋਈਆਂ ਨੇ।

**ਪਲਾਸਟਿਕ:** ਅੱਛਾ ! ਕਿਵੇਂ ਬਚਾਉਂਦੇ ਨੇ ਇਹ ਸਮੁੰਦਰੀ ਪੇੜ-ਪੌਦੇ ਆਪਣੇ ਆਪ ਨੂੰ ?

**ਮਹਾਂਸਾਗਰ:** ਔਹ ਦੇਖ, ਛੋਟੀਆਂ-ਛੋਟੀਆਂ ਬੱਲਬ ਨੁਮਾ ਸੰਰਚਨਾਵਾਂ ! ਉਨ੍ਹਾਂ ਵਿਚ ਇੱਕ ਗੈਸ ਜਿਹੀ ਭਰੀ ਰਹਿੰਦੀ ਹੈ ! ਰੱਖਦੀ ਹੈ ਜੋ ਇਨ੍ਹਾਂ ਨੂੰ ਸਿਧੇ ਖੜ੍ਹੇ ! ਰਹਿੰਦੀ ਹੈ ਇਨ੍ਹਾਂ ਨੂੰ ਇਸ ਨਾਲ ਸੂਰਜ ਦੀ ਰੋਸ਼ਨੀ ਹਾਸਿਲ ਕਰਨ ਵਿਚ ਅਸਾਨੀ !

**ਪਲਾਸਟਿਕ:** ਫੋਟੋਸਿੰਥੇਸਿਸ (ਪ੍ਰਕਾਸ਼ ਸੰਸਲੇਸ਼ਣ) ਦੇ ਲਈ ਤਾਂ ਇਹ ਜ਼ਰੂਰੀ ਹੈ।

**ਮਰਦ ਸੂਤਰਧਾਰ:**ਪਲਾਸਟਿਕ ਲਿਫ਼ਾਫਾ ਆਪਣੀ ਇਸ ਯਾਤਰਾ ਤੋਂ ਸੀ ਬਹੁਤ ਖੁਸ਼! ਵੇਖੇ, ਸਮੁੰਦਰ ਦੀਆਂ ਡੂੰਘਾਈ ਤੱਕ ਕੈਲਪ ਫਾਰੇਸਟ, ਸਮੁੰਦਰੀ ਸਾਹੀ, ਝੀਂਗੇ, ਤਾਰਾ ਮੱਛੀਆਂ ਤੇ ਭਾਂਤ-ਭਾਂਤ ਦੇ ਕੇਕੜੇ ! ਸੁਣਿਆ ਸੀ ਉਸਨੇ ਸ਼ਾਰਕ ਬਾਬਤ ਵੀ...! ਡਰਿਆ ਵੀ ਹੋਇਆ ਸੀ ਕਿ ਕਿਤੇ ਕੋਈ ਜੀਵ ਹਮਲਾ ਹੀ ਨਾ ਕਰ ਦੇਵੇ ਉਸ ਉੱਤੇ !

**ਪਲਾਸਟਿਕ:** (ਘਬਰਾਏ ਸੁਰ ਵਿਚ): ਹੁਣ ਬਾਹਰ ਚੱਲੀਏ ! ਮੈਨੂੰ ਡਰ ਲੱਗ ਰਿਹਾ ਹੈ ! ਠੰਢ ਵੀ ਬਹੁਤ ਹੈ ! ਕੀ ਕੋਈ ਅਜਿਹੀ ਜਗ੍ਹਾ ਨਹੀਂ ਹੈ ਜਿਥੇ ਕੁਝ ਗਰਮੀ ਮਿਲ ਸਕੇ ?

**ਮਹਾਂਸਾਗਰ:** ਕੁਝ ਹੋਰ ਸਫ਼ਰ ਦੇ ਬਾਅਦ ਮਿਲ ਜਾਵੇਗਾ ਸਾਨੂੰ ਗਰਮ ਪਾਣੀ ਵੀ ! ਸਮੁੰਦਰ ਵੀ ਐਨਾ ਡੂੰਘਾ ਨਹੀਂ ਉੱਥੇ ! ਬਲਕਿ ਪੇਤਲਾ ਹੀ ਹੋਵੇਗਾ !

----------------ਦ੍ਰਿਸ਼ ਪਰਿਵਰਤਨ ਸੰਗੀਤ-----------------

**ਦ੍ਰਿਸ਼ ਚੌਥਾ**

(ਮਹਾਂਸਾਗਰ ਤੇ ਉਸਦਾ ਮਹਿਮਾਨ ਪਹੁੰਚ ਰਹੇ ਨੇ ਹੁਣ ਏਸ਼ੀਆ ਦੇ ਦੱਖਣੀ ਪੂਰਬੀ ਤੱਟ 'ਤੇ ਸਥਿਤ ਕੋਰਲ ਤ੍ਰਿਭੁਜ 'ਤੇ )

**ਔਰਤ ਸੂਤਰਧਾਰ:** ਤਾਂ ਸ੍ਰੋਤਿਓ.... ਇਸ ਪ੍ਰਕਾਰ ਜਾਰੀ ਰੱਖੀ ਇਨ੍ਹਾਂ ਦੋਵੇਂ ਨੇ ਆਪਣੀ ਯਾਤਰਾ! ਦੋਵੇਂ ਅਮਰੀਕਾ ਦੇ ਪੱਛਮੀ ਤੱਟਾਂ, ਕੈਲਪ ਜੰਗਲਾਂ ਤੋਂ ਹੁੰਦੇ ਹੋਏ ਹੁਣ ਪਹੁੰਚ ਰਹੇ ਹਨ ਏਸ਼ੀਆ ਦੇ ਦੱਖਣੀ ਪੂਰਬੀ ਤੱਟ 'ਤੇ ਸਥਿਤ ਕੋਰਲ ਤ੍ਰਿਭੁਜ 'ਤੇ !

**ਪਲਾਸਟਿਕ:** (ਹੈਰਾਨੀ ਨਾਲ) ਐਨੇ ਸਾਰੇ ਰੰਗ...! ਇਹ ਰੰਗ-ਬਰੰਗੀਆਂ ਚਟਾਨਾਂ ਕੀ ਨੇ...? ਇਹ ਖ਼ੂਬਸੂਰਤ ਮੱਛੀਆਂ....? ਅਦੁਭੁਤ...! ਕੀ ਹੈ ਇਹ ਸਭ ?

**ਮਹਾਂਸਾਗਰ:**(ਖੁਸ਼ੀ ਦੇ ਨਾਲ): ਧੀਰਜ ਰੱਖ....। ਦੱਸਦਾ ਹਾਂ...। ਪਹਿਲਾਂ ਇਸ ਜਗ੍ਹਾ ਨੂੰ ਤਸੱਲੀ ਨਾਲ ਦੇਖ ਤਾਂ ਲੈ ! ਉਹ ਹੇਠਾਂ ਤਲਛਟੀ 'ਤੇ ਜੋ ਰੰਗ-ਬਰੰਗੀਆਂ ਚਟਾਨਾਂ ਜਿਹੀਆਂ ਨਜ਼ਰ ਆ ਰਹੀਆਂ ਨੇ, ਉਹ ਦਰਅਸਲ ਚਟਾਨਾਂ ਨਹੀਂ !

**ਪਲਾਸਟਿਕ:** ਅੱਛਾ! ਤਾਂ ਫੇਰ ਕੀ ਨੇ ਉਹ ? ਲੱਗਦੀਆਂ ਤਾਂ ਬਿਲਕੁਲ ਚਟਾਨਾਂ ਵਰਗੀਆਂ ਨੇ !

**ਮਹਾਂਸਾਗਰ:** ਉਹ ਨੇ ਕੋਰਲ ਰੀਫ ਯਾਣੀ ਮੂੰਗੇ ਦੀਆਂ ਧੜਾਂ ! ਕਿੰਗਰਿਆਂ ਵਾਲੇ, ਗੋਲ ਮਟੋਲ, ਚਪਟੇ ਤੇ ਹੋਰ ਕਈ ਅਕਾਰਾਂ ਦੇ, ਇਹ ਸਾਰੇ ਦੇ ਸਾਰੇ ਮੂੰਗੇ ਹੀ ਹਨ। ਇਨ੍ਹਾਂ ਵਿਚਲਾ ਹਰ ਟੁਕੜਾ, ਛੋਟੇ-ਛੋਟੇ ਸੈਂਕੜੇ ਜੀਵਾਂ ਤੋਂ ਬਣਿਆ ਹੋਇਆ ਹੈ! ਇਨ੍ਹਾਂ ਦੇ ਤੰਤੂਆਂ ਹੁੰਦੀਆਂ ਨੇ ਛੋਟੀਆਂ-ਛੋਟੀਆਂ ਕਾਈਆਂ ! ਇਨ੍ਹਾਂ ਦੇ ਕਾਰਨ ਹੀ ਮੂੰਗਿਆਂ ਨੂੰ ਮਿਲਦੇ ਨੇ ਵੰਨ-ਸੁਵੰਨੇ ਰੰਗ !

**ਪਲਾਸਟਿਕ:** (ਉਤਸੁਕਤਾ ਨਾਲ) ਤਾਂ ਕੀ ਇਹ ਮੂੰਗੇ ਇਨ੍ਹਾਂ ਕਾਈਆਂ ਨੂੰ ਖਾਂਦੇ ਹਨ?

**ਮਹਾਂਸਾਗਰ:** ਨਹੀਂ....ਨਹੀਂ! ਇਹ ਮੂੰਗੇ ਤਾਂ ਪਲੈਂਕਟਾਨ ( ਰਿੜ੍ਹਦੇ ਜਾਂਦੇ ਸੂਖਮ ਜੀਵੀਆਂ ) ਨੂੰ ਖਾਂਦੇ ਨੇ ! ਬਹੁਤੇ ਪਲੈਂਕਟਾਨ ਤਾਂ ਨਜ਼ਰ ਵੀ ਨਹੀਂ ਆਉਂਦੇ !

**ਪਲਾਸਟਿਕ:** (ਹੈਰਾਨੀ ਨਾਲ) ਤਾਂ ਫਿਰ ਇਹ ਕਾਈਆਂ ਉਥੇ ਰਹਿੰਦੀਆਂ ਹੀ ਕਿਉਂ ਨੇ ?

**ਮਰਦ ਸੂਤਰਧਾਰ:** ਸ੍ਰੋਤਿਓ, ਪਲਾਸਟਿਕ-ਲਿਫ਼ਾਫੇ ਦਾ ਐਨਾ ਆਖਣਾ ਹੀ ਸੀ ਕਿ ਸਾਰੇ ਮੂੰਗੇ ਇਕੱਠੇ ਬੋਲ ਪਏ।

**ਕਈ ਸਾਰੇ ਮੂੰਗੇ** (ਸਮੂਹ ਵਿਚ): ਇਹ ਕਾਈਆਂ ਰਹਿੰਦਆਂ ਨੇ ਸਾਡੇ ਤੰਤੂਆਂ ਵਿੱਚ, ਆਪਣੀ ਸੁਰੱਖਿਆ ਦੇ ਲਈ ! ਤੇ ਇਨ੍ਹਾਂ ਨੂੰ ਠਿਕਾਣਾ ਦੇਣ ਨਾਲ ਸਾਨੂੰ ਮਿਲਦਾ ਹੈ ਭੋਜਨ... ਇਨ੍ਹਾਂ ਤੋਂ ! ਇਹ ਤਾਂ ਰਿਸ਼ਤਾ ਹੈ, ਲੈਣ-ਦੇਣ ਦਾ, ਮੇਰੇ ਦੋਸਤ!

**ਪਲਾਸਟਿਕ:** ਬਹੁਤ ਵਧੀਆ ! ਜ਼ਮੀਨ 'ਤੇ ਵਾਪਿਸ ਜਾਕੇ ਮੈਂ ਵੀ ਆਪਣੇ ਲਈ ਕਿਸੇ ਅਜਿਹੇ ਹੀ ਦੋਸਤ ਦੀ ਕਰਾਂਗਾ ਭਾਲ ! ਬਸ! ਸੋਚਦਾ ਹਾਂ ਕਿ ਬਦਲੇ ਵਿਚ ਕੀ ਦੇਵਾਂਗਾ ਮੈਂ !

**ਔਰਤ ਸੂਤਰਧਾਰ:** ਤੇ ਕਰਦਾ ਰਿਹਾ ਸੈਰ ਇਹ ਮਹਿਮਾਨ, ਮੂੰਗਾ-ਚਟਾਨਾਂ ਦੇ ਆਲੇ-ਦੁਆਲੇ! ਵੇਖੀਆਂ ਉਸਨੇ ਇੱਥੇ, ਕਈ ਤਰ੍ਹਾਂ ਦੀਆਂ ਮੱਛੀਆਂ, ਛੋਟੀਆਂ, ਵੱਡੀਆਂ, ਲਾਲ, ਹਰੀਆਂ ਤੇ ਰੰਗ-ਬਰੰਗੀਆਂ ! ਕੁਝ ਤੈਰਨ ਕੱਲ-ਮੁਕੱਲੀਆਂ ਤੇ ਕੁੱਝ ਸੈਂਕੜਿਆਂ ਦੇ ਝੁੰਡਾਂ ਵਿਚ, ਕੁੱਝ ਚਿਤ ਮਿਤਲੀਆਂ ਤੇ ਕੁਝ ਜ਼ੈਬਰੇ ਵਾਂਗ ਧਾਰੀਦਾਰ, ਕੁਝ ਵੱਡੇ ਜਿਹੇ ਸਿਰ ਵਾਲੀਆਂ ਤੇ ਕੋਈ ਬਿਲਕੁਲ ਸੱਪ ਵਰਗੀਆਂ।ਅਨੋਖਾ ਸੀ ਇਹ ਨਜ਼ਾਰਾ! ਨਜ਼ਰ ਆ ਰਹੇ ਸਨ ਨੇੜੇ-ਤੇੜੇ, ਕਈ ਤਰ੍ਹਾਂ ਦੇ ਸਮੁੰਦਰੀ ਕੀੜੇ, ਸਟਾਰ ਫਿਸ਼ ਤੇ ਝੀਂਗੇ ਵੀ !

**ਪਲਾਸਟਿਕ:** (ਥਕਾਵਟ ਭਰੀ ਆਵਾਜ਼ 'ਚ) ਓਹ... ਮੈਨੂੰ ਤਾਂ ਚੱਕਰ ਆਉਣ ਲੱਗ ਗਏ! ਲੱਗਦਾ ਹੈ ਅਸੀਂ ਬਹੁਤ ਘੁੰਮ ਲਏ!

**ਮਹਾਂਸਾਗਰ**:ਹਾਂ! ਅਸੀਂ ਪੰਜ ਵਿਚੋਂ ਚਾਰ ਮਹਾਂਸਾਗਰਾਂ ਦੀ ਸੈਰ ਕਰ ਲਈ, ਸਿਰਫ਼ ਆਰਕਟਿਕ ਮਹਾਂਸਾਗਰ ਨਹੀਂ ਦੇਖਿਆ ! ਵੈਸੇ... ਕਿਵੇਂ ਰਿਹਾ ਤੇਰਾ ਅਨੁਭਵ ?

**ਪਲਾਸਟਿਕ**: (ਅਟਕ-ਅਟਕ ਕੇ ਬੋਲਦਾ ਹੋਇਆ) ਬਹੁਤ ਵਧੀਆ...! ਮੈਨੂੰ ਤਾਂ ਇਸ ਸਫ਼ਰ ਵਿਚ ਐਨੇ ਸਾਰੇ, ਅਲੱਗ-ਅਲੱਗ ਤਰ੍ਹਾਂ ਦੇ ਈਕੋਸਿਸਟਮ ਦੇਖਣ ਨੂੰ ਮਿਲੇ !

**ਮਹਾਂਸਾਗਰ**: ਸਾਰੇ ਮਹਾਂਸਾਗਰ ਆਪਸ ਵਿਚ ਜੁੜੇ ਹੋਏ ਹਨ। ਇਸੇ ਲਈ ਤਾਂ ਅਸੀਂ ਐਨੀ ਅਸਾਨੀ ਨਾਲ ਸਾਰਿਆਂ ਦੀ ਸੈਰ ਕਰ ਸਕੇ ਹਾਂ !

**ਪਲਾਸਟਿਕ**: ਓਹ ਹਾਂ... ਮੇਰਾ ਤਾਂ ਇਸ ਵੱਲ ਧਿਆਨ ਹੀ ਨਹੀਂ ਗਿਆ !

**ਮਹਾਂਸਾਗਰ**: ਜਮੀਨ 'ਤੇ ਜਿਨ੍ਹਾਂ ਵੀ ਕੂੜਾ ਪੈਦਾ ਹੁੰਦਾ ਹੈ ਉਹ ਸਾਰੇ ਦਾ ਸਾਰਾ ਸਮੁੰਦਰ ‘ਚ ਹੀ ਪੁੱਜਦਾ ਹੈ। ਮੈਂ ਅਤੇ ਮੇਰੇ ਵਿਚ ਰਹਿਣ ਵਾਲੇ ਇਹ ਹਜ਼ਾਰਾਂ ਜੀਵ-ਜੰਤੂ ਇਸ ਮੁਸ਼ਕਿਲ ਨਾਲ ਲਗਾਤਾਰ ਲੜ ਰਹੇ ਹਾਂ।ਇਹ ਖ਼ਤਰਨਾਕ ਕੂੜਾ ਚਾਹੇ ਜਿਥੋਂ ਵੀ ਆਉਂਦਾ ਹੈ ਪਰ ਅੰਤ ਇਨ੍ਹਾਂ ਮਾਸੂਮ ਜੀਵਾਂ ਦੀ ਜ਼ਿੰਦਗੀ ਦੇ ਲਈ ਤੇ ਸਾਗਰੀ ਪ੍ਰਸਿਥਿਤਿਕ ਤੰਤਰ ਦੇ ਲਈ ਇਹ ਇਕ ਵੱਡਾ ਖ਼ਤਰਾ ਤਾਂ ਬਣ ਹੀ ਰਿਹਾ ਹੈ।

**ਪਲਾਸਟਿਕ**: ਪਰ ਇਸ ਨਾਲ ਤਾਂ ਮਨੁੱਖ ਨੂੰ ਵੀ ਨੁਕਸਾਨ ਹੋਵੇਗਾ !

**ਮਹਾਂਸਾਗਰ**: ਹੋਵੇਗਾ ! ਪਰ ਮਨੁੱਖ ਕਿਥੇ ਸਮਝਦਾ ਹੈ ਉਹ ਤਾਂ ਜਲ ਜੀਵਣ ਨੂੰ ਨਸ਼ਟ ਕਰਨ ਵੱਲ ਤੁਰਿਆ ਹੈ !

**ਪਲਾਸਟਿਕ**: ਮਤਲਬ?

**ਮਹਾਂਸਾਗਰ**: ਸਮੁੰਦਰਾਂ ਵਿਚ ਮੱਛੀਆਂ ਦਾ ਅੰਨ੍ਹੇਵਾਹ ਸ਼ਿਕਾਰ ! ਖਾਣ ਵਾਲੀਆਂ ਮੱਛੀਆਂ ਦੀ ਗਿਣਤੀ ਘੱਟਦੀ ਹੈ, ਸਮੁੱਚੇ ਈਕੋਸਿਸਟਮ ‘ਤੇ ਅਤੇ ਭੋਜਨ ਲੜੀ 'ਤੇ ਬਹੁਤ ਬੁਰਾ ਅਸਰ ਪੈਂਦਾ ਹੈ। ਜੀਵਾਂ ਦੀ ਕਿਸੇ ਇਕ ਪ੍ਰਜਾਤੀ ਦੇ ਖ਼ਤਮ ਹੋਣ ਦਾ ਮਤਲਬ ਹੈ ਕਿ ਉਨ੍ਹਾਂ 'ਤੇ ਨਿਰਭਰ ਦੂਸਰੇ ਜੀਵਾਂ 'ਤੇ ਵੀ ਸੰਕਟ ਦੇ ਬੱਦਲ ਮੰਡਰਾਉਣ ਲੱਗਦੇ ਹਨ। ਅਸੀਂ ਦੇਖ ਹੀ ਲਿਆ ਕਿ ਐਥੋਂ ਦੇ ਸਾਰੇ ਜੀਵ-ਜੰਤੂ ਇਕ-ਦੂਜੇ 'ਤੇ ਕਿਸ ਪ੍ਰਕਾਰ ਨਿਰਭਰ ਹਨ।

**ਪਲਾਸਟਿਕ**:ਹਾਂ...।ਜੀਵ-ਜੰਤੂਆਂ ਦੇ ਇਸ ਬਰੀਕ ਪਰ ਮਜਬੂਤ ਰਿਸ਼ਤੇ ਦੇ ਟੁੱਟਣ ਨਾਲ ਤਾਂ ਵੱਡੀ ਸਮੱਸਿਆ ਖੜ੍ਹੀ ਹੋ ਜਾਵੇਗੀ।

**ਮਹਾਂਸਾਗਰ**: ਸਾਡੇ ਇਸ ਤੰਤਰ ਸਨਮੁੱਖ ਪ੍ਰੇਸ਼ਾਨੀਆਂ ਤਾਂ ਹੋਰ ਵੀ ਕਈ ਹਨ ਜਿਵੇਂ ਗਲੋਬਲ ਵਾਰਮਿੰਗ, ਸਮੁੰਦਰੀ ਸਤ੍ਹ ਦਾ ਉੱਚਾ ਉੱਠ ਜਾਣਾ ਤੇ ਪਾਣੀ ਵਿਚ ਤੇਜ਼ਾਬੀਪਨ ਵਧਣਾ…!

**ਮਰਦ ਸੂਤਰਧਾਰ**: ਇਸ ਤਰ੍ਹਾਂ ਗੱਲਾਂ ਕਰਦੇ-ਕਰਦੇ ਇਹ ਦੋਵੇਂ ਦੋਸਤ ਵਾਪਸ ਹਿੰਦ ਮਹਾਂਸਾਗਰ ਵਿਚ ਆ ਪਹੁੰਚੇ !

**ਪਲਾਸਟਿਕ**: (ਉਤਸ਼ਾਹਿਤ ਆਵਾਜ਼ 'ਚ) ਇਹ ਜਗ੍ਹਾ ਤਾਂ ਕੁਝ ਜਾਣੀ-ਪਛਾਣੀ ਜਿਹੀ ਲਗ ਰਹੀ ਹੈ। ਇਹ ਨਾਰੀਅਲ ਦੇ ਰੁੱਖ... ਤੇ ਸਮੁੰਦਰ ਦਾ ਇਹ ਖੂਬਸੂਰਤ ਰੇਤੀਲਾ ਤੱਟ...। ਲੱਗਦਾ ਹੈ, ਮੈਂ ਇਥੇ ਪਹਿਲਾਂ ਵੀ ਆਇਆ ਹੋਇਆ ਹਾਂ।

**ਮਹਾਂਸਾਗਰ**: ਹਾਂ.. ਹੋ ਸਕਦਾ ਹੈ !

**ਪਲਾਸਟਿਕ**: (ਹਲਕੀ ਉਦਾਸੀ ਦੇ ਨਾਲ): ਮੈਨੂੰ ਯਾਦ ਹੈ ਕਿ ਮੈਨੂੰ ਇਕ ਨਦੀ ਵਿਚ ਸੁੱਟ ਦਿੱਤਾ ਗਿਆ ਸੀ। ਕਈ ਦਿਨਾਂ ਬਾਅਦ ਮੈਂ ਇਸ ਜੰਗਲ ਵਿਚ ਪਹੁੰਚ ਗਿਆ। ਐਥੇ ਮੈਂ ਕਈ ਦਿਨ ਇੰਜ ਹੀ ਭਟਕਦਾ ਰਿਹਾ। ਉਸਤੋਂ ਬਾਅਦ ਇਕ ਜ਼ੋਰਦਾਰ ਤੂਫਾਨ ਆਇਆ ! ਫਿਰ ਬਸ! ਤੁਹਾਡੇ ਨਾਲ ਹੋ ਗਈ ਮੁਲਾਕਾਤ !

**ਮਹਾਂਸਾਗਰ**:ਨਦੀਆਂ ਦਾ ਪਾਣੀ ਬਹੁਤ ਸਾਰਾ ਚਿੱਕੜ ਤੇ ਕੂੜਾ ਵੀ ਲੈ ਆਉਂਦਾ ਹੈ।ਕੂੜਾ ਇੰਨ੍ਹਾਂ ਸਦਾਬਹਾਰ ਜੰਗਲਾਂ ਦੇ ਰੁੱਖਾਂ ਦੀਆਂ ਜੜ੍ਹਾਂ ਵਿਚ ਅਟਕ ਜਾਂਦਾ ਹੈ। ਹਨੇਰੀ-ਤੂਫਾਨ ਤੇ ਤੇਜ਼ ਮੀਂਹ ਦੇ ਕਾਰਨ ਇਹ ਕੂੜਾ ਜੜ੍ਹਾਂ ਤੋਂ ਨਿਕਲ ਕੇ ਸਮੁੰਦਰ ਵਿਚ ਪਹੁੰਚ ਜਾਂਦਾ ਹੈ। ਮੇਰੇ ਖਿਆਲ ਨਾਲ ਤੁਹਾਡੇ ਨਾਲ ਵੀ ਕੁਝ ਅਜਿਹਾ ਹੀ ਹੋਇਆ ਹੋਵੇਗਾ। ਤੁਸੀਂ ਇਸ ਜਗ੍ਹਾ ਨੂੰ ਤਾਂ ਪਛਾਣ ਹੀ ਲਿਆ ਹੈ, ਲਿਹਾਜ਼ਾ ਹੁਣ ਮੈਂ ਤੁਹਾਨੂੰ ਇਥੇ ਹੀ ਵਾਪਸ ਛੱਡ ਰਿਹਾ ਹਾਂ।

**ਪਲਾਸਟਿਕ**: (ਡਰ ਤੇ ਉਦਾਸੀ ਨਾਲ) ਪਰ ਵਾਪਿਸ ਜਾ ਕੇ ਮੈਂ ਕਰਾਂਗਾ ਕੀ ? ਕੀ ਮੈਂ ਤੁਹਾਡੇ ਨਾਲ ਨਹੀਂ ਰਹਿ ਸਕਦਾ ?

**ਮਹਾਂਸਾਗਰ**: (ਨਿਮਰਤਾ ਦੇ ਨਾਲ) ਤੈਂ ਬਹੁਤ ਕੁਝ ਦੇਖ ਲਿਆ ਹੈ ਤੇ ਸੁਣ ਵੀ ਲਿਆ ਹੈ। ਤੂੰ ਐਨਾ ਤਾਂ ਜਾਣ ਹੀ ਗਿਆ ਹੋਵੇਂਗਾ ਕਿ ਤੂੰ ਇਥੋਂ ਦੇ ਨਿਵਾਸੀ ਨਹੀਂ ! ਬੱਸ ਹੁਣ ਸਬਰ ਕਰ ! ਕਿਸੇ ਅਜਿਹੀ ਥਾਂ ਦੀ ਭਾਲ ਕਰ, ਜਿਥੇ ਤੂੰ ਕਿਸੇ ਦੇ ਲਈ ਨੁਕਸਾਨ ਦੀ ਵਜ੍ਹਾ ਨਾ ਬਣੇਂ, ਨਾ ਕਿਸੇ ਜੀਵ-ਜੰਤੂ ਦੇ ਲਈ, ਨਾ ਸਮੁੰਦਰ ਦੇ ਲਈ ਤੇ ਨਾ ਹੀ ਇਸ ਸਮੁੱਚੀ ਧਰਤੀ ਦੇ ਲਈ !

**ਔਰਤ ਸੂਤਰਾਧਾਰ**: ਸਮੁੰਦਰ ਨੇ ਇਕ ਧੀਮੀ ਜਿਹੀ ਲਹਿਰ ਦੇ ਨਾਲ ਆਪਣੇ ਮਹਿਮਾਨ ਪਲਾਸਟਿਕ-ਲਿਫ਼ਾਫੇ ਨੂੰ ਵਾਪਸ ਸਦਾਬਹਾਰ ਜੰਗਲ ਵਿਚ ਭੇਜ ਦਿੱਤਾ। (ਧੀਮੀ ਲਹਿਰ ਦੀ ਆਵਾਜ਼)... ਤੇ ਉਸ ਮਹਿਮਾਨ ਦੀਆਂ ਨਜ਼ਰਾਂ ਆਪਣੇ ਲਈ ਕਿਸੇ ਸੁਰੱਖਿਅਤ ਠਿਕਾਣੇ ਨੂੰ ਤਲਾਸ਼ ਰਹੀਆਂ ਸਨ । ਇਸੇ ਸੁਰੱਖਿਅਤ ਤੇ ਏਕਾਂਤ ਜਗ੍ਹਾ ਦੀ ਤਲਾਸ਼ ਵਿਚ ਉਹ ਇਧਰ-ਉਧਰ ਘੁੰਮਦਾ ਰਿਹਾ। ਐਥੇ ਉਸ ਨੇ ਦੇਖਿਆ ਕਿ ਕੁਝ ਮੱਛੀਆਂ ਸ਼ਿਕਾਰੀਆਂ ਤੋਂ ਬਚਣ ਦੇ ਲਈ ਸਦਾਬਹਾਰ ਰੁੱਖਾਂ ਦੀਆਂ ਜੜ੍ਹਾਂ ਦੀ ਓਟ ਵਿਚ ਲੁਕੀਆਂ ਹੋਈਆਂ ਸਨ। ਅਜੇ ਉਹ ਮਹਿਮਾਨ ਇਨ੍ਹਾਂ ਨੂੰ ਦੇਖ ਹੀ ਰਿਹਾ ਸੀ ਕਿ ਅਚਾਨਕ ਕਿਸੇ ਨੇ ਉਸਨੂੰ ਪਾਣੀ ਵਿਚੋਂ ਬਾਹਰ ਖਿੱਚ ਲਿਆ।

(ਸਕੂਲੀ ਬੱਚਿਆਂ ਦਾ ਸ਼ੋਰ/ ਬੱਚਿਆਂ ਦੀ ਗੱਲਬਾਤ)

**ਮਰਦ ਸੂਤਰਾਧਾਰ**:ਇਹ ਬੱਚੇ ਨਜ਼ਦੀਕ ਦੇ ਇਕ ਸਕੂਲ ਦੇ ਸਨ।ਇਸ ਸਦਾਬਹਾਰ ਜੰਗਲ ਵਿਚ ਕੂੜੇ ਦੀ ਸਫ਼ਾਈ ਕਰਨ ਦੇ ਲਈ ਪਹੁੰਚੇ ਸਨ। ਸਾਡਾ ਇਹ ਮਹਿਮਾਨ ਮਤਲਬ ਪਲਾਸਟਿਕ-ਲਿਫ਼ਾਫਾ ਵੀ, ਪਲਾਸਟਿਕ ਦੇ ਦੂਸਰੇ ਕੂੜੇ ਦੇ ਨਾਲ ਹੀ ਕੂੜੇਦਾਨ ਵਿਚ ਸੁੱਟ ਦਿੱਤਾ ਗਿਆ। ਬਾਅਦ ਵਿਚ ਇਸ ਨੂੰ ਫਿਰ ਤੋਂ ਵਰਤੋਂ ਯੋਗ ਬਣਾਉਣ ਦੇ ਲਈ ਪੁਨਰ ਚਕਰਨ ਕੇਂਦਰ ਵਿਚ ਭੇਜ ਦਿੱਤਾ ਗਿਆ।ਪਹੁੰਚ ਗਿਆ ਇਹ ਪਲਾਸਟਿਕ-ਲਿਫ਼ਾਫਾ ਆਪਣੀ ਮੰਜ਼ਿਲ ਤੱਕ ! ਇਕ ਲੰਮੇ ਸਫ਼ਰ ਮਗਰੋਂ ! ਕੋਈ ਸ਼ੱਕ ਨਹੀਂ ਕਿ ਇਹ ਇਕ ਬਹੁਤ ਹੀ ਯਾਦਗਾਰੀ ਤੇ ਰੋਮਾਂਚਕ ਸਫ਼ਰ ਸੀ !

---------------ਸਮਾਪਤੀ ਸੰਗੀਤ------------

**ਪ੍ਰਸ਼ਨ**

**ਪ੍ਰਸ਼ਨ-1 ਨੀਲੀ ਵੇਲ੍ਹ 40 ਕੁਆਂਟਲ ਕ੍ਰਿਲ ਮੱਛੀ ਹਰ ਰੋਜ ਖਾ ਜਾਂਦੀ ਹੈ , ਇਸ ਨਾਲ ਸਮੁੰਦਰ ਦਾ ਪ੍ਰਸਥਿਤਿਕ ਤੰਤਰ ਕਿਉਂ ਨਹੀਂ ਵਿਗੜਦਾ ?**

**ਉੱਤਰ: ਇਹ ਕ੍ਰਿਲ ਬਹੁਤ ਹੀ ਤੇਜੀ ਨਾਲ ਪਨਪਦੀ ਹੈ ਤੇ ਸਾਗਰਾਂ ਦੇ ਪ੍ਰਸਿਥਿਤਿਕ ਤੰਤਰ ਦਾ ਸੰਤੁਲਨ ਬਣਾਈ ਰੱਖਦੀ ਹੈ !**

**ਪ੍ਰਸ਼ਨ-2 ਗ੍ਰੇਟ ਪੈਸਿਫਿਕ ਗਾਰਬੇਜ ਪੈਚ ਕੀ ਹੈ ਤੇ ਕਿੱਥੇ ਹੈ ?**

**ਉੱਤਰ: ਗ੍ਰੇਟ ਪੈਸਿਫਿਕ ਗਾਰਬੇਜ ਪੈਚ ਸਮੁੰਦਰ ਵਿੱਚ ਪਲਾਸਟਿਕ ਦੇ ਕਚਰੇ ਦਾ ਢੇਰ ਹੈ ! ਇਹ ਉੱਤਰੀ ਪ੍ਰਸ਼ਾਂਤ ਮਹਾਂਸਾਗਰ ਵਿੱਚ ਹਜਾਰਾਂ ਕਿਲੋ ਮੀਟਰ ਵਿੱਚ ਫੇਲਿਆ ਹੋਇਆ ਹੈ !**